ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

**Awaze Qaum** (ਯੂ. ਕੇ. ਤੋਂ ਪ੍ਰਕਾਸ਼ਿਤ)

https://youtu.be/LQwolgxDu7l

**International Daily Newspaper & WEB TV**

awazeqaumtvpunjab@gmail.com

ਬੁੱਧਵਾਰ, 24 ਜਨਵਰੀ 2024 (ਨਾਨਕਸ਼ਾਹੀ ਸੰਮਤ : ੫੫੪, ੧੧ ਮਾਘ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243

## ਕੈਨੇਡਾ ਨੇ ਸਟੱਡੀ ਵੀਜ਼ਾ 'ਚ ਕੀਤੀ 35% ਕਟੌਤੀ

# ਪੰਜਾਬੀ ਵਿਦਿਆਰਥੀਆਂ ਲਈ ਹੋਵੇਗਾ ਸਭ ਤੋਂ ਔਖਾ



**ਚੰਡੀਗੜ੍ਹ, 23 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਤੋਂ ਕੈਨੇਡਾ ਜਾਣ ਵਾਲੇ ਵਿਦਿਆਰਥੀਆਂ ਨੂੰ ਦੋ ਸਾਲਾਂ ਲਈ ਸਟੱਡੀ ਵੀਜ਼ਾ ਆਸਾਨੀ ਨਾਲ ਨਹੀਂ ਮਿਲ ਸਕੇਗਾ ਕਿਉਂਕਿ ਕੈਨੇਡਾ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਵੀਜ਼ੇ ਨੂੰ 35% ਤੱਕ ਘਟਾਉਣ ਦਾ ਫੈਸਲਾ ਕਰੇਗਾ। ਇਹ ਕਟੌਤੀ ਸਾਲ 2024-25 ਵਿੱਚ ਸਟੱਡੀ ਵੀਜ਼ਾ 'ਤੇ ਲਾਗੂ ਹੋਵੇਗੀ। ਇਸ ਸਾਲ ਕੈਨੇਡਾ ਸਿਰਫ਼ 3.60 ਲੱਖ ਸਟੱਡੀ ਵੀਜ਼ੇ ਜਾਰੀ ਕਰੇਗਾ। ਸਾਲ 2023 ਵਿੱਚ ਕੈਨੇਡਾ ਨੇ 5.50 ਲੱਖ ਵਿਦਿਆਰਥੀਆਂ ਨੂੰ ਵੀਜ਼ੇ ਦਿੱਤੇ ਸਨ। ਉੱਥੇ ਹੀ, ਇਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਨੇ ਸੋਮਵਾਰ ਦੇਰ ਰਾਤ ਨਵੀਆਂ ਵੀਜ਼ਾ ਪਾਬੰਦੀਆਂ ਦਾ ਐਲਾਨ ਕੀਤਾ। ਇਸ ਸਾਲ ਕੈਨੇਡਾ ਵਿੱਚ 1 ਮਿਲੀਅਨ ਤੋਂ ਵੱਧ ਅੰਤਰਰਾਸ਼ਟਰੀ ਵਿਦਿਆਰਥੀ ਆਏ ਹਨ। ਇਸ ਸਾਲ ਵੀ ਜੇਕਰ 5.5 ਲੱਖ ਵਿਦਿਆਰਥੀਆਂ ਨੂੰ ਸਟੱਡੀ ਵੀਜ਼ੇ ਦਿੱਤੇ ਜਾਂਦੇ ਹਨ ਤਾਂ ਅਗਲੇ ਸਾਲ ਕੈਨੇਡਾ ਵਿੱਚ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਗਿਣਤੀ 13-14 ਲੱਖ ਤੱਕ ਪਹੁੰਚ ਜਾਵੇਗੀ। ਵਿਦਿਆਰਥੀਆਂ ਦੀ ਵਧਦੀ ਆਬਾਦੀ ਕਾਰਨ ਕੈਨੇਡਾ ਵਿੱਚ ਕਮਰੇ ਦਾ ਕਿਰਾਇਆ ਬਹੁਤ ਮਹਿੰਗਾ ਹੋ ਗਿਆ ਹੈ ਅਤੇ ਵਿਦਿਆਰਥੀਆਂ ਨੂੰ ਮਹੀਨਿਆਂ ਬੱਧੀ ਕੰਮ ਵੀ ਨਹੀਂ ਮਿਲ ਰਿਹਾ। ਬਰੈਂਪਟਨ ਦੇ ਮੇਅਰ ਪੈਟ੍ਰਿਕ ਬ੍ਰਾਊਨ ਨੇ ਕਿਹਾ ਹੈ ਕਿ ਫੈਡਰਲ ਸਰਕਾਰ ਸਟੱਡੀ ਵੀਜ਼ੇ ਜਾਰੀ ਕਰਨ ਤੋਂ ਪਹਿਲਾਂ ਵਿਦਿਆਰਥੀਆਂ ਦੀ ਰਿਹਾਇਸ਼ ਦਾ ਪ੍ਰਬੰਧ ਯਕੀਨੀ ਬਣਾਵੇ। ਵਿਦਿਆਰਥੀਆਂ ਦੀ ਗਿਣਤੀ ਘਟਾਉਣ ਲਈ ਬਰੈਂਪਟਨ ਸਿਟੀ ਕੌਂਸਲ ਵੱਲੋਂ ਸਰਬਸੰਮਤੀ ਨਾਲ ਪਾਸ ਮਤੇ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਵਿਦਿਅਕ ਸੰਸਥਾਵਾਂ ਕੌਮਾਂਤਰੀ ਵਿਦਿਆਰਥੀਆਂ ਨੂੰ ਏ.ਟੀ.ਐਮ. ਵਜੋਂ ਵਰਤ ਰਹੀਆਂ ਹਨ ਜਦਕਿ ਉਨ੍ਹਾਂ ਦੇ ਰਹਿਣ-ਸਹਿਣ ਦੇ ਹਾਲਾਤ ਤੀਜੀ ਦੁਨੀਆਂ ਤੋਂ ਵੀ ਬਦਤਰ ਹੁੰਦੇ ਜਾ ਰਹੇ ਹਨ। ਸਾਲ 2022 ਵਿਚ ਕੈਨੇਡਾ ਪੜ੍ਹ ਰਹੇ ਕੌਮਾਂਤਰੀ ਵਿਦਿਆਰਥੀਆਂ ਦਾ ਅੰਕੜਾ 8 ਲੱਖ ਤੋਂ ਟੱਪ ਗਿਆ ਜਦਕਿ 2023 ਵਿਚ 9 ਲੱਖ ਤੋਂ ਪਾਰ ਹੋ ਗਿਆ। 2024 ਵਿਚ ਕੌਮਾਂਤਰੀ ਵਿਦਿਆਰਥੀਆਂ ਦੀ ਗਿਣਤੀ 10 ਲੱਖ ਤੋਂ ਟੱਪਣ ਦੇ ਆਸਾਰ ਹਨ। ਬਰੈਂਪਟਨ ਦੇ ਮੇਅਰ ਨੇ ਕਿਹਾ, "ਬੱਸ ਹੁਣ ਬਹੁਤ ਹੋ ਗਿਆ, ਫੈਡਰਲ ਇੰਮੀਗ੍ਰੇਸ਼ਨ ਸਿਸਟਮ ਵਿਚ ਵੱਡੇ ਸੁਧਾਰਾਂ ਦੀ ਜ਼ਰੂਰਤ ਹੈ।" ਭਾਵੇਂ ਇੰਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਕੌਮਾਂਤਰੀ ਵਿਦਿਆਰਥੀਆਂ ਦੀ ਗਿਣਤੀ ਘਟਾਉਣ ਦੇ ਸੰਕੇਤ ਦੇ ਚੁੱਕੇ ਹਨ ਪਰ ਆਰਥਿਕ ਮਾਹਰਾਂ ਦਾ ਕਹਿਣਾ ਹੈ ਕਿ ਕੈਨੇਡੀਅਨ ਅਰਥਚਾਰੇ ਵਿਚ ਵਿਦਿਆਰਥੀਆਂ ਦਾ ਵੱਡਾ ਯੋਗਦਾਨ ਹੈ ਅਤੇ ਗਿਣਤੀ ਸੀਮਤ ਕਰਨ ਦੇ ਨਾਂਹਪੱਖੀ ਸਿੱਟੇ ਸਾਹਮਣੇ ਆ ਸਕਦੇ ਹਨ। ਪੈਟ੍ਰਿਕ ਬ੍ਰਾਊਨ ਨੇ ਸੂਬਾ ਸਰਕਾਰ ਨੂੰ ਵੀ ਇਸ ਪਾਸੇ ਕਦਮ ਉਠਾਉਣ ਦਾ ਸੱਦਾ ਦਿਤਾ ਅਤੇ ਕਿਹਾ ਕਿ ਗੈਰਮਿਆਰੀ ਪ੍ਰਾਈਵੇਟ ਕਾਲਜਾਂ ਨੂੰ ਲਾਇਸੰਸ ਦੇਣੇ ਬੰਦ ਕੀਤੇ ਜਾਣ। ਉਨ੍ਹਾਂ ਕਿਹਾ ਕਿ ਪ੍ਰਾਈਵੇਟ ਕਾਲਜ ਸਿਰਫ ਤੇ ਸਿਰਫ ਮੁਨਾਫੇ ਦੁਆਲੇ ਕੇਂਦਰਤ ਹੁੰਦੇ ਹਨ ਅਤੇ ਪੜ੍ਹਾਈ ਦੇ ਮਿਆਰ ਵੱਲ ਕੋਈ ਤਵੱਜੋ ਨਹੀਂ ਦਿਤੀ ਜਾਂਦੀ। ਪਿਛਲੇ ਦੋ ਸਾਲ ਦੌਰਾਨ ਇਕੱਲੇ ਉਨਟਾਰੀਓ ਵਿਚ ਕੱਚੇ ਪ੍ਰਵਾਸੀਆਂ ਦੀ ਗਿਣਤੀ 4 ਲੱਖ 23 ਹਜ਼ਾਰ ਵਧ ਗਈ ਜਦਕਿ ਇਸ ਤੋਂ ਪਿਛਲੇ 20 ਸਾਲ ਦੌਰਾਨ ਅੰਕੜਾ ਸਿਰਫ 4 ਲੱਖ 17 ਹਜ਼ਾਰ ਦਰਜ ਕੀਤਾ ਗਿਆ।

## ਪ੍ਰੋ. ਭੁੱਲਰ ਦੀ ਰਿਹਾਈ ਦੀ ਸੱਤਵੀਂ ਵਾਰ ਅਰਜ਼ੀ ਰੱਦ ਕਰਕੇ ਦਿੱਲੀ ਪ੍ਰਦੇਸ਼ ਸਰਕਾਰ ਨੇ ਸਾਬਤ ਕੀਤਾ ਕਿ ਸਿੱਖਾਂ ਨਾਲ ਕੀਤਾ ਜਾ ਰਿਹੈ ਮਿੱਥ ਕੇ ਵਿਤਕਰਾ- ਗਿਆਨੀ ਰਘਬੀਰ ਸਿੰਘ



**ਅੰਮ੍ਰਿਤਸਰ, 23 ਜਨਵਰੀ ( ਆਵਾਜ਼ਿ ਕੌਮ ਬਿਊਰੋ)**-ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਕਿਹਾ ਹੈ ਕਿ ਦਿੱਲੀ ਦੀ ਕੇਜਰੀਵਾਲ ਸਰਕਾਰ ਵਲੋਂ ਸਜ਼ਾ-ਯਾਫਤਾ ਕੈਦੀਆਂ ਦੀ ਰਿਹਾਈ ਸਬੰਧੀ ਰੀਵਿਊ ਬੋਰਡ ਦੇ ਵਿਚ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਆਮ ਜ਼ਮਾਨਤ ਦੀ ਅਰਜ਼ੀ ਸੱਤਵੀਂ ਵਾਰ ਰੱਦ ਕਰਕੇ ਸਾਬਤ ਕਰ ਦਿੱਤਾ ਹੈ ਕਿ ਦਿੱਲੀ ਪ੍ਰਦੇਸ਼ ਸਰਕਾਰ ਮਿੱਥ ਕੇ ਸਿੱਖਾਂ ਨਾਲ ਵਿਤਕਰੇ ਵਾਲਾ ਰਵੱਈਆ ਰੱਖ ਰਹੀ ਹੈ।

ਅੱਜ ਸ੍ਰੀ ਅਕਾਲ ਤਖ਼ਤ ਸਾਹਿਬ ਸਕੱਤਰੇਤ ਤੋਂ ਜਾਰੀ ਬਿਆਨ ਵਿਚ ਗਿਆਨੀ ਰਘਬੀਰ ਸਿੰਘ ਨੇ ਆਖਿਆ ਕਿ ਇਸ ਤੋਂ ਪਹਿਲਾਂ ਵੀ 6 ਵਾਰੀ ਦਿੱਲੀ ਦੀ ਪ੍ਰਦੇਸ਼ ਸਰਕਾਰ ਦਾ 'ਸਨਟੈਂਸ ਰੀਵਿਊ ਬੋਰਡ' ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ, ਜੋ ਕਿ ਪਿਛਲੇ 28 ਸਾਲਾਂ ਤੋਂ ਜੇਲ੍ਹ ਵਿਚ ਨਜ਼ਰਬੰਦ ਹਨ, ਦੀ ਰਿਹਾਈ ਦੀ ਅਰਜ਼ੀ ਨੂੰ ਰੱਦ ਕਰ ਚੁੱਕਾ ਹੈ। ਉਨ੍ਹਾਂ ਕਿਹਾ ਕਿ ਸਰਕਾਰਾਂ ਦਾ ਗੈਰ-ਜ਼ੁੰਮੇਵਾਰੀ ਅਤੇ ਵਿਤਕਰੇਬਾਜ਼ੀ ਵਾਲਾ ਰਵੱਈਆ ਜਿੱਥੇ ਸਿੱਖਾਂ ਵਿਚ ਬੇਵਿਸਾਹੀ ਤੇ ਅਲਹਿਦਗੀ ਦੀ ਭਾਵਨਾ ਪੈਦਾ ਕਰਦਾ ਹੈ, ਉੱਥੇ ਜਮਹੂਰੀਅਤ ਲਈ ਵੀ ਸ਼ਰਮਨਾਕ ਹੈ, ਕਿਉਂਕਿ ਸਰਕਾਰਾਂ 'ਚ ਆਉਣ ਤੋਂ ਪਹਿਲਾਂ ਇਹੀ ਸਿਆਸਤਦਾਨ ਸਿੱਖਾਂ ਨਾਲ ਬੇ-ਇਨਸਾਫੀ ਨੂੰ ਦੂਰ ਕਰਨ ਅਤੇ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਦੀ ਰਿਹਾਈ ਦੇ ਵਾਅਦੇ ਕਰਦੇ ਹਨ ਪਰ ਸਰਕਾਰਾਂ ਵਿਚ ਆਉਣ ਤੋਂ ਬਾਅਦ ਇਨ੍ਹਾਂ ਦਾ ਚਿਹਰਾ ਬਦਲ ਜਾਂਦਾ ਹੈ। ਗਿਆਨੀ ਰਘਬੀਰ ਸਿੰਘ ਨੇ ਆਖਿਆ ਕਿ ਸਰਕਾਰਾਂ ਨੂੰ ਇਹ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਸਿੱਖਾਂ ਨਾਲ ਲਗਾਤਾਰ ਬੇਇਨਸਾਫੀ ਅਤੇ ਵਿਤਕਰੇਪੂਰਨ ਰਵੱਈਆ ਨਾ-ਸਿਰਫ ਸਿੱਖਾਂ ਨੂੰ ਅਲਹਿਦਗੀ ਵੱਲ ਧਕੇਲਦਾ ਹੈ ਬਲਕਿ ਅਜਿਹਾ ਵਿਤਕਰਾ ਕਰਕੇ ਇਕ ਚੰਗੀ ਜਮਹੂਰੀਅਤ ਵਾਲਾ ਰਾਜ ਵੀ ਨਹੀਂ ਸਿਰਜਿਆ ਜਾ ਸਕਦਾ।

ਆਵਾਜ਼ਿ ਕੌਮ
AWAZE QAUM
International Newspaper & WEB TV

ਆਵਾਜ਼ਿ ਕੌਮ
Daily Newspaper from U.K.
Publisher/Chief Editor
**Raghbir Singh Walsal**
E-mail : awazeqaumtv@gmail.com
www.awazeqaumtv.com
for AWAZE QAUM Channel
https://youtu.be/LQwolgxDu7l
Contact :
+447458381111
+447976210161
+919729091243

ਆਵਾਜ਼ਿ ਕੌਮ AWAZE QAUM TV



ਭਾਈ ਰਘਵੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk

**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ

## ਪ੍ਰੋ. ਭੁੱਲਰ ਦੀ ਰਿਹਾਈ ਪਟੀਸ਼ਨ ਰੱਦ ਕਰਕੇ ਮਾਨ ਤੇ ਕੇਜਰੀਵਾਲ ਨੇ ਸਿੱਖਾਂ ਦੇ ਜ਼ਖ਼ਮਾਂ 'ਤੇ ਲੂਣ ਛਿੜਕਿਆ-ਅਕਾਲੀ ਦਲ



**ਚੰਡੀਗੜ੍ਹ, 23 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਆਮ ਆਦਮੀ ਪਾਰਟੀ ਦੀ ਦਿੱਲੀ ਸਰਕਾਰ ਨੇ 1993 ਦੇ ਦਿੱਲੀ ਬੰਬ ਧਮਾਕਿਆਂ ਦੇ ਦੋਸ਼ੀ ਦਵਿੰਦਰਪਾਲ ਸਿੰਘ ਭੁੱਲਰ ਦੀ ਜੇਲ ਤੋਂ ਸਮੇਂ ਤੋਂ ਪਹਿਲਾਂ ਰਿਹਾਈ ਦੀ ਪਟੀਸ਼ਨ ਨੂੰ ਰੱਦ ਕਰ ਦਿੱਤਾ ਹੈ। ਇਸ ਤੋਂ ਬਾਅਦ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੇ 'ਆਪ' ਦੀ ਪੰਜਾਬ ਸਰਕਾਰ ਅਤੇ ਸੁਪਰੀਮੋ ਅਰਵਿੰਦ ਕੇਜਰੀਵਾਲ ਦੀ ਕਾਰਵਾਈ 'ਤੇ ਗੁੱਸਾ ਜ਼ਾਹਰ ਕੀਤਾ ਹੈ। ਉਨ੍ਹਾਂ ਕਿਹਾ ਕਿ ਪਟੀਸ਼ਨ ਰੱਦ ਕਰਕੇ ਸਿੱਖ ਸੰਗਤ ਦੇ ਜ਼ਖ਼ਮਾਂ 'ਤੇ ਲੂਣ ਛਿੜਕਿਆ ਗਿਆ ਹੈ। ਇਸ ਮੌਕੇ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਅਤੇ ਉਨ੍ਹਾਂ ਦੀ ਕਠਪੁਤਲੀ ਭਗਵੰਤ ਮਾਨ ਵੱਲੋਂ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਜੀ ਦੀ ਰਿਹਾਈ ਦੀ ਅਪੀਲ ਨੂੰ 7 ਵਾਰ ਰੱਦ ਕਰਨਾ ਮਨੁੱਖਤਾ ਵਿਰੁੱਧ ਕੀਤਾ ਗਿਆ ਇੱਕ ਘਿਨਾਉਣਾ ਅਪਰਾਧ ਹੈ। ਇਨ੍ਹਾਂ ਦੋਵਾਂ ਨੇ ਮਿਲ ਕੇ ਸਿੱਖ ਸੰਗਤ ਦੇ ਜ਼ਖਮਾਂ 'ਤੇ ਲੂਣ ਛਿੜਕਿਆ ਹੈ। ਪ੍ਰੋ. ਭੁੱਲਰ ਜੀ ਦੀ ਸਿਹਤ ਖ਼ਰਾਬ ਹੋਣ ਦੇ ਬਾਵਜੂਦ ਵੀ ਉਨ੍ਹਾਂ ਨੂੰ 29 ਸਾਲਾਂ ਤੋਂ ਜੇਲ੍ਹ ਵਿੱਚ ਰੱਖ ਕੇ ਜਿਸ ਤਰ੍ਹਾਂ ਮਨੁੱਖੀ ਅਧਿਕਾਰਾਂ ਦਾ ਘਾਣ ਕੀਤਾ ਜਾ ਰਿਹਾ ਹੈ, ਸ਼੍ਰੋਮਣੀ ਅਕਾਲੀ ਦਲ ਉਸ ਦੀ ਘੋਰ ਨਿਖੇਧੀ ਕਰਦਾ ਹੈ ਅਤੇ ਮੈਂ ਪ੍ਰੋ. ਭੁੱਲਰ ਜੀ ਨੂੰ ਇਨਸਾਫ਼ ਦਵਾਉਣ ਲਈ ਪੰਥ ਨੂੰ ਇੱਕਜੁੱਟ ਹੋ ਕੇ ਸਾਂਝੀ ਰਣਨੀਤੀ ਬਣਾਉਣ ਦੀ ਅਪੀਲ ਕਰਦਾ ਹਾਂ। ਇਸ ਤੋਂ ਇਲਾਵਾ ਬਠਿੰਡਾ ਤੋਂ ਲੋਕ ਸਭਾ ਮੈਂਬਰ ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਪ੍ਰੋ: ਦਵਿੰਦਰਪਾਲ ਸਿੰਘ ਭੁੱਲਰ ਜੀ ਦੀ ਰਿਹਾਈ ਦੀ ਪਟੀਸ਼ਨ ਨੂੰ ਆਮ ਆਦਮੀ ਪਾਰਟੀ ਦੀ ਦਿੱਲੀ ਸਰਕਾਰ ਵੱਲੋਂ ਚਾਰ ਸਾਲਾਂ ਤੱਕ ਲਟਕਾ ਕੇ ਰੱਖਣ ਤੋਂ ਬਾਅਦ ਰੱਦ ਕਰਨ ਨਾਲ ਇਹ ਸਾਬਿਤ ਹੋ ਗਿਆ ਹੈ ਕਿ ਅਰਵਿੰਦ ਕੇਜਰੀਵਾਲ ਤੇ ਉਸ ਦੀ ਕਠਪੁਤਲੀ ਭਗਵੰਤ ਮਾਨ ਸਿੱਖ ਵਿਰੋਧੀ ਹਨ। ਇਨ੍ਹਾਂ ਨੇ ਮਨੁੱਖਤਾ ਦੇ ਆਧਾਰ 'ਤੇ ਵੀ ਰਿਹਾਈ ਦੀ ਸਿਫ਼ਾਰਸ਼ ਨਹੀਂ ਕੀਤੀ। ਪ੍ਰੋ. ਦਵਿੰਦਰਪਾਲ ਸਿੰਘ ਜੀ ਦੀ ਨਾਜ਼ੁਕ ਸਿਹਤ ਦੇ ਬਾਵਜੂਦ ਵੀ 29 ਸਾਲਾਂ ਤੋਂ ਉਨ੍ਹਾਂ ਨੂੰ ਜੇਲ੍ਹ 'ਚ ਰੱਖਣਾ ਮਨੁੱਖੀ ਅਧਿਕਾਰਾਂ ਦੀ ਘੋਰ ਉਲੰਘਣਾ ਹੈ। ਸ਼੍ਰੋਮਣੀ ਅਕਾਲੀ ਦਲ ਕਦੇ ਵੀ ਚੁੱਪ ਨਹੀਂ ਬੈਠੇਗਾ। ਅਸੀਂ ਬਹੁਤ ਜਲਦ ਦਿੱਲੀ ਅਤੇ ਪੰਜਾਬ ਵਿੱਚ ਸਿੱਖ ਅਤੇ ਪੰਜਾਬ ਵਿਰੋਧੀ 'ਆਪ' ਸਰਕਾਰ ਨੂੰ ਨੱਥ ਪਾਵਾਂਗੇ।

## ਦਵਿੰਦਰਪਾਲ ਭੁੱਲਰ ਦੀ ਰਿਹਾਈ 'ਤੇ ਕੇਜਰੀਵਾਲ ਦਾ ਚਿਹਰਾ ਬੇਨਕਾਬ ਹੋਇਆ: ਸ਼੍ਰੋਮਣੀ ਕਮੇਟੀ



**ਚੰਡੀਗੜ੍ਹ, 23 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਪ੍ਰੋਫੈਸਰ ਦਵਿੰਦਰਪਾਲ ਭੁੱਲਰ ਦੀ ਰਿਹਾਈ ਮਸਲੇ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੂੰ ਘੇਰਿਆ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਹੈ ਕਿ ਪੱਕੀ ਜ਼ਮਾਨਤ ਵਾਲੀ ਫਾਈਲ ਨੂੰ ਦਰਕਿਨਾਰ ਕਰਨ ਨਾਲ ਦਿੱਲੀ ਦੇ ਮੁੱਖ ਮੰਤਰੀ ਤੇ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਦਾ ਚਿਹਰਾ ਬੇਨਕਾਬ ਹੋ ਗਿਆ ਹੈ। ਇਸ ਨਾਲ ਉਨ੍ਹਾਂ ਦੀ ਸਿੱਖ ਮਾਰੂ ਨੀਤੀ ਵੀ ਸਪੱਸ਼ਟ ਹੋ ਗਈ ਹੈ। ਪਟਿਆਲਾ ਦੇ ਗੁਰਦੁਆਰਾ ਦੂਖਨਿਵਾਰਨ ਸਾਹਿਬ ਵਿਖੇ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਦਿੱਲੀ ਤੇ ਕੇਂਦਰ ਸਰਕਾਰ ਵੱਲੋਂ ਸਿੱਖ ਮਸਲਿਆਂ 'ਤੇ ਲਏ ਯੂਟਰਨ ਸਪੱਸ਼ਟ ਕਰਦੇ ਹਨ ਕਿ ਇਹ ਲੋਕ ਸੌੜੇ ਸਿਆਸੀ ਹਿੱਤਾਂ ਖਾਤਰ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨਾਲ ਖਿਲਵਾੜ ਕਰਦੇ ਆ ਹਨ। ਦੋਵਾਂ ਹਕੂਮਤਾਂ ਦਾ ਇੱਕੋ ਏਜੰਡਾ ਹੈ। ਉਨ੍ਹਾਂ ਨੇ ਕਿਹਾ ਕਿ ਗੁਰਦੁਆਰਾ ਅਕਾਲ ਬੁੰਗਾ ਸਾਹਿਬ ਸੁਲਤਾਨਪੁਰ ਲੋਧੀ ਦੇ ਮਸਲੇ 'ਤੇ 24 ਜਨਵਰੀ ਨੂੰ ਹੰਗਾਮੀ ਮੀਟਿੰਗ ਸੱਦੀ ਗਈ ਹੈ, ਜਿਸ ਵਿੱਚ ਅਗਲੇ ਪ੍ਰੋਗਰਾਮ ਦੀ ਰੂਪ ਰੇਖਾ ਉਲੀਕੀ ਜਾਵੇਗੀ। ਇਸ ਬਾਰੇ ਕਾਇਮ ਕਮੇਟੀ ਨੇ ਆਪਣੀ ਰਿਪੋਰਟ ਵਿਚ ਸਪੱਸ਼ਟ ਕਰ ਦਿੱਤਾ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਦੇ ਹੁਕਮਾਂ 'ਤੇ ਹੀ ਗੁਰਦੁਆਰੇ 'ਚ ਪੁਲਿਸ ਨੇ ਗੋਲੀਬਾਰੀ ਕਰਕੇ ਮਰਿਆਦਾ ਦੀਆਂ ਧੱਜੀਆਂ ਉਡਾਈਆਂ। ਉਨ੍ਹਾਂ ਨੇ ਕਿਹਾ ਕਿ ਇਸ ਮੰਦਭਾਗੀ ਘਟਨਾ ਲਈ ਅਕਾਲ ਤਖ਼ਤ ਵੱਲੋਂ ਮੁੱਖ ਮੰਤਰੀ ਨੂੰ ਜ਼ਿੰਮੇਵਾਰ ਮੰਨਿਆ ਗਿਆ ਤੇ ਅਗਲਾ ਫੈਸਲਾ ਭਲਕੇ ਸੱਦੀ ਮੀਟਿੰਗ ਵਿੱਚ ਕੀਤਾ ਜਾਵੇਗਾ। ਡੇਰਾ ਸਿਰਸਾ ਮੁਖੀ ਰਾਮ ਰਹੀਮ ਨੂੰ ਵਾਰ ਵਾਰ ਪੈਰੋਲ ਦਿੱਤੇ ਜਾਣ ਦਾ ਵੀ ਗੰਭੀਰ ਨੋਟਿਸ ਲੈਂਦਿਆਂ, ਉਨ੍ਹਾਂ ਕਿਹਾ ਕਿ ਇਹ ਸਿੱਖ ਹਿਰਦਿਆਂ ਨੂੰ ਵਲੂੰਧਰਨ ਵਾਲੀ ਕਾਰਵਾਈ ਹੈ, ਕਿਉਂਕਿ ਬੰਦੀ ਸਿੱਖਾਂ ਦੀ ਰਿਹਾਈ ਤੇ ਪੈਰੋਲ ਦਿੱਤੇ ਜਾਣ ਬਾਰੇ ਸਰਕਾਰਾਂ ਵੱਲੋਂ ਪਾਏ ਜਾ ਰਹੇ ਅੜਿੱਕਿਆਂ ਤੋਂ ਸਪੱਸ਼ਟ ਹੁੰਦਾ ਹੈ ਕਿ ਸਿੱਖਾਂ ਪ੍ਰਤੀ ਦੋਹਰੇ ਮਾਪਦੰਡ ਅਪਣਏ ਜਾ ਰਹੇ ਹਨ।

ਦੇਗ ਤੇਗ ਫ਼ਤਿਹ ॥ ਪੰਥ ਕੀ ਜੀਤ॥



ਸੱਚਖੰਡਵਾਸੀ ਸੰਤ ਬਾਬਾ ਅਤਰ ਸਿੰਘ ਜੀ (ਮਸਤੂਆਣੇ ਵਾਲੇ)



ਸੱਚਖੰਡਵਾਸੀ ਸੰਤ ਬਾਬਾ ਗੁਰਬਖਸ਼ ਸਿੰਘ ਜੀ (ਜੰਡਿਆਲਾ ਵਾਲੇ)

ਪੂਜਾ ਅਕਾਲ ਕੀ ! ਪਰਚਾ ਸ਼ਬਦ ਕਾ ! ਦੀਦਾਰ ਖਾਲਸੇ ਕਾ !

ਬ੍ਰਹਮ ਗਿਆਨੀ 108 ਸੰਤ ਬਾਬਾ ਅਤਰ ਸਿੰਘ ਜੀ ਮਸਤੂਆਣੇ ਵਾਲਿਆ ਜੀ ਤੋਂ ਵਰਸੋਏ ਹੋਏ

ਸ੍ਰੀਮਾਨ 108 ਸੰਤ ਬਾਬਾ ਗੁਰਬਖਸ਼ ਸਿੰਘ ਜੀ

ਜੋਤੀਸਰ ਜੰਡਿਆਲਾ ਗੁਰੂ ਅਤੇ ਸ਼ਿਮਲੇ ਵਾਲਿਆ ਦੀ ਯਾਦ 'ਚ

# 65ਵਾਂ ਸਲਾਨਾ ਸਮਾਗਮ

**ਮਿਤੀ 24 ਜਨਵਰੀ 2024 (11 ਮਾਘ) ਦਿਨ ਬੁੱਧਵਾਰ ਨੂੰ ਗੁਰਦੁਆਰਾ ਜੋਤੀਸਰ ਸਾਹਿਬ ਜੰਡਿਆਲਾ ਗੁਰੂ ਵਿਖੇ**

**ਸਮੂਹ ਸੰਗਤਾਂ ਦੇ ਸਹਿਯੋਗ ਨਾਲ ਬੜੀ ਸ਼ਰਧਾ ਅਤੇ ਪਿਆਰ ਨਾਲ ਕਰਵਾਇਆ ਜਾ ਰਿਹਾ ਹੈ।**

## ਪ੍ਰੋਗਰਾਮ

ਆਰੰਭ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਲੜੀ 22 ਜਨਵਰੀ, ਦਿਨ ਸੋਮਵਾਰ ਸਵੇਰੇ 10:00 ਵਜੇ ਅਤੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਮਿਤੀ 24 ਜਨਵਰੀ, ਦਿਨ ਬੁੱਧਵਾਰ 9:00 ਵਜੇ ਪੈਣਗੇ। ਉਪਰੰਤ ਕੀਰਤਨ ਦਰਬਾਰ ਸੰਤ ਸਮਾਗਮ ਸਵੇਰੇ 10:00 ਵਜੇ ਤੋਂ ਦੁਪਹਿਰ 2:00 ਵਜੇ ਤੱਕ ਹੋਣਗੇ। ਸਮੂਹ ਸਾਧ ਸੰਗਤ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਹੁੰਮ-ਹੁੰਮਾਂ ਕੇ ਪਰਿਵਾਰਾਂ ਸਮੇਤ ਹਾਜ਼ਰੀਆਂ ਭਰੋ ਤਨ ਮਨ ਅਤੇ ਧਨ ਨਾਲ ਸੇਵਾ ਕਰਕੇ ਆਪਣਾ ਜੀਵਨ ਸਫਲਾ ਕਰੋ ਜੀ।

### ਪਹੁੰਚ ਰਹੇ ਸੰਤ ਮਹਾਂਪੁਰਖ

**ਸੰਤ ਬਾਬਾ ਪ੍ਰਮਾਨੰਦ ਜੀ**
(ਮੁੱਖ ਸੰਚਾਲਕ) ਤਪ ਅਸਥਾਨ ਗੁਰਦੁਆਰਾ ਬਾਬਾ ਹੁੰਦਾਲ ਜੀ

**ਸੰਤ ਬਾਬਾ ਸੱਜਣ ਸਿੰਘ ਜੀ**
ਗੁਰੂ ਕੀ ਬੇਰ ਵਾਲੇ

**ਸੰਤ ਬਾਬਾ ਜੋਗਿਦਰ ਸਿੰਘ ਜੀ**
ਕਾਰ ਸੇਵਾ ਆਨੰਦਪੁਰ ਸਾਹਿਬ ਵਾਲੇ

**ਜਥੇ: ਬਾਬਾ ਜਗੀਰ ਸਿੰਘ ਜੀ**
ਭੁੱਚੋਈ ਵਾਲੇ

**ਸੰਤ ਬਾਬਾ ਗੁਰਦੇਵ ਸਿੰਘ ਜੀ**
ਡੇਰਾ ਭਗਤਾਂ ਤਰਸਿੱਕੇ ਵਾਲੇ

**ਸੰਤ ਬਾਬਾ ਗੁਰਦੀਪ ਸਿੰਘ ਜੀ**
ਟਾਹਲਾ ਸਾਹਿਬ ਤਰਸਿੱਕੇ ਵਾਲੇ

**ਸਿੰਘ ਸਾਹਿਬ ਜਥੇ: ਬਾਬਾ ਮੇਜਰ ਸਿੰਘ ਜੀ**
ਦਸ਼ਮੇਸ਼ ਤਰਨਾ ਦਲ

**ਬੀਬੀ ਜਗੀਰ ਕੌਰ**
ਸਾਬਕਾ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ

**ਬਾਬਾ ਸਤਨਾਮ ਸਿੰਘ ਜੀ** ਵੱਲੀਆਂ
ਇੰਟਰਨੈਸ਼ਨਲ ਪੰਥਕ ਦਲ ਜ਼ਿਲ੍ਹਾ ਪ੍ਰਧਾਨ

**ਸੰਤ ਬਾਬਾ ਸੁਖਵੰਤ ਸਿੰਘ ਜੀ**
ਚੰਨਣਕੇ ਸਮਾਜ ਸੇਵੀ

**ਜਥੇ: ਬਾਬਾ ਅਮਰ ਸਿੰਘ ਜੀ**
ਗੁਰਦੁਆਰਾ ਸੰਤਸਰ ਜੰਡਿਆਲ

**ਜਥੇ: ਬਾਬਾ ਸਵਿੰਦਰ ਸਿੰਘ ਜੀ**
ਟਾਹਲੀ ਸਾਹਿਬ ਵਾਲੇ

**ਸੰਤ ਬਾਬਾ ਗੁਰਦੀਪ ਸਿੰਘ ਜੀ**
ਖਜਾਲੇ ਵਾਲੇ

ਆਵਾਜ਼ਿ ਕੌਮ AWAZE QAUM International Newspaper & WEB TV

### ਪਹੁੰਚ ਰਹੇ ਰਾਗੀ ਢਾਡੀ ਜੱਥੇ ਅਤੇ ਕਥਾਵਾਚਕ ਮਿਤੀ 24-01-2024 ਦਿਨ ਬੁੱਧਵਾਰ ਨੂੰ

**ਗਿਆਨੀ ਹਰਪ੍ਰੀਤ ਸਿੰਘ**
(ਪ੍ਰਚਾਰਕ ਸ੍ਰੀ ਹਰਮੰਦਿਰ ਸਾਹਿਬ S.G.P.C)

**ਭਾਈ ਭਗਵੰਤ ਸਿੰਘ ਕਵੀਸ਼ਰੀ ਜੱਥਾ**
(ਸੁਰਵਿੰਡ ਵਾਲੇ)

**ਗਿਆਨੀ ਫਤਿਹ ਸਿੰਘ ਜੀ ਕਥਾ ਵਾਚਕ**
(ਡੇਅਰੀਵਾਲ)

**ਭਾਈ ਗੁਰਸ਼ੇਰ ਸਿੰਘ ਹਜ਼ੂਰੀ ਰਾਗੀ**
(ਸ੍ਰੀ ਦਰਬਾਰ ਸਾਹਿਬ ਤਰਨ ਤਾਰਨ)

**ਭਾਈ ਗੁਰਨਾਮ ਸਿੰਘ ਕਵੀਸ਼ਰੀ ਜੱਥਾ** (ਮੱਲ੍ਹੀਆਂ)

**ਭਾਈ ਗੁਰਜੰਟ ਸਿੰਘ ਕਵੀਸ਼ਰੀ ਜੱਥਾ** (ਬਾਲੀਏ ਵਾਲੇ)



ਸੱਚਖੰਡਵਾਸੀ ਮਹਾਂਪੁਰਖ
ਸੰਤ ਬਾਬਾ ਕਾਲਾ ਸਿੰਘ ਜੀ



ਸੱਚਖੰਡਵਾਸੀ ਮਹਾਂਪੁਰਖ
ਸੰਤ ਬਾਬਾ ਤੇਜਾ ਸਿੰਘ ਜੀ



ਮੁੱਖ ਸੇਵਾਦਾਰ:- ਬਾਬਾ ਸੁੱਖਾ ਸਿੰਘ ਜੀ
ਗੁ: ਜੋਤੀਸਰ (ਕਲੋਨੀ) ਜੰਡਿਆਲਾ ਗੁਰੂ, ਗੁ: ਜੋਤੀਸਰ ਸਿਮਲਾ

**ਨੋਟ: ਸੱਦੇ ਹੋਏ ਜੱਥਿਆ ਨੂੰ ਹੀ ਟਾਈਮ ਦਿੱਤਾ ਜਾਵੇਗਾ।**

**ਗੁਰੂ ਕਾ ਲੰਗਰ ਅਤੁੱਟ ਵਰਤੇਗਾ**

YouTube ਇਨ੍ਹਾਂ ਤਿੰਨਾ ਚੈਨਲਾ ਤੇ ਸਿੱਧਾ ਪ੍ਰਸਾਰਣ ਦਿਖਾਇਆ ਜਾਵੇਗਾ

**ਸੱਚਖੰਡਵਾਸੀ:- ਸੰਤ ਬਾਬਾ ਕਾਲਾ ਸਿੰਘ ਜੀ ਅਤੇ ਸੰਤ ਬਾਬਾ ਤੇਜਾ ਸਿੰਘ ਜੀ** | **ਮੁੱਖ ਸੇਵਾਦਾਰ:- ਬਾਬਾ ਸੁੱਖਾ ਸਿੰਘ ਜੀ**

**ਗੁਰਦੁਆਰਾ ਜੋਤੀਸਰ ਸਾਹਿਬ (ਸ਼ਿਮਲਾ ਹਿਮਾਚਲ) ਅਤੇ ਗੁ: ਜੋਤੀਸਰ ਸਾਹਿਬ ਸਮੂਹ ਸਾਧ ਸੰਗਤ ਜੰਡਿਆਲਾ ਗੁਰੂ (ਅੰਮ੍ਰਿਤਸਰ) ਮੋਬ: 94633-97581**

## ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।

ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ




Physical death i do not fear
death of conscience is a sure death

Sant Jarnail Singh Ji Khalsa Bhindranwale

www.damdamitaksal.net


# ਗਿਆਨਾ ਸਿਓ ਰੜਕੇ ਨਹੀ... ?

ਅਯੋਧਿਆ ਵਿਖੇ ਰਾਮ ਮੰਦਰ ਨਿਰਮਾਣ ਮੌਕੇ ਸ਼ਰਧਾਲੂਆਂ ਵਲੋਂ ਕੁਝ ਵਿਸ਼ੇਸ਼ ਸੇਵਾਵਾਂ ਨਿਭਾਈਆਂ ਗਈਆਂ ਜੋ ਖਬਰਾਂ ਵਿਚ ਬਹੁਤ ਚਰਚਿਤ ਰਹੀਆਂ ।

ਜਿਵੇਂ ਪ੍ਰਮੁੱਖ ਤੌਰ ਤੇ ਇਕ ਕਾਰੀਗਰ ਵਲੋਂ ਮੰਦਰ ਲਈ ਵੱਡੀ ਚਾਬੀ ਵਾਲਾ ਸੈਂਕੜੇ ਕਿੱਲੋ ਦਾ ਜਿੰਦਰਾ ਤੇ ਬਹੁਤ ਵਜਨਦਾਰ ਭਾਰਾ ਬੇਸ਼ਕੀਮਤੀ ਟੱਲ,ਭਗਵਾਨ ਦੀ ਮੂਰਤੀ ਲਈ ਲੱਖਾਂ ਰੁਪਏ ਦੇ ਸੋਨੇ ਦੇ ਮੁਕਟ,ਕਈ

ਆਵਾਜ਼ਿ ਕੌਮ
AWAZE QAUM
International Newspaper & WEB TV

ਵਰ੍ਹਿਆਂ ਤੋਂ ਬਣ ਰਹੀ ਰਾਮ ਮੰਦਿਰ ਦੀ ਇਮਾਰਤ ਕ੍ਰੋੜਾਂ ਰੁਪਏ ਦੀ ਆਲੀਸ਼ਾਨ ਬਿਲਡਿੰਗ,ਜਿਸ ਵਿਚ ਅਰਬਾਂ ਰੁਪਏ ਵਿਸ਼ਵ ਦੇ ਅਮੀਰ ਹਿੰਦੂ ਵਪਾਰੀਆਂ ਵਲੋਂ ਦਾਨ ਕੀਤਾ ਗਿਆ ਉਦਘਾਟਨ ਮੌਕੇ ਵਿਸ਼ਵ ਦਾ ਸਭ ਤੋਂ ਵੱਡਾ ਦੀਵਾ,ਲੱਖਾਂ ਦੀਵਿਆਂ ਨਾਲ ਦੀਪਮਾਲਾ ਆਦਿਕ ਹੋਰ ਬਹੁਤ ਕੁਝ ।



ਪਰ ਕਿਸੇ ਵੀ ਸਨਾਤਨੀ ਜਥੇਬੰਦੀ ਦਾ ਪ੍ਰਚਾਰਕ ਵਲੋਂ ਏਨਾ ਉਪਰੋਕਤ ਸੇਵਾਵਾਂ ਤੇ ਤਰਕ ਨਹੀ ਕੀਤਾ ਗਿਆ ।



ਸ਼ਮਸ਼ੇਰ ਸਿੰਘ ਜੇਠੂਵਾਲ

ਸਿੱਖਾਂ ਵਿਚ ਤੁਰੇ ਫਿਰਦੇ ਟੁੱਚੇ ਬੰਦੇ ਦੋ ਸਾਲ ਲਾ ਕੇ ਬਣੇ ਅਖੌਤੀ ਪ੍ਰਚਾਰਕ ਐਵੇਂ ਸਿੱਖ ਰਾਜ ਸਮੇਂ ਦਾ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੇ ਲੱਗਾ ਸੋਨਾ ਵੇਖ ਗਰੀਬੀ ਦਾ ਰੋਣਾ ਰੋਈ ਜਾਣਗੇ,ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੁਮਾਲਿਆਂ ਤੇ ਕਿੰਤੂ ਪ੍ਰੰਤੂ ਕਰੀ ਜਾਣਗੇ,ਗੁਰੂਘਰਾਂ ਦੀਆਂ ਇਮਾਰਤਾਂ ਵੇਖ ਪੜਾਈ ਦਾ ਰੋਣਾ ਰੋਈ ਜਾਣਗੇ ਜਿਵੇਂ ਸਰਕਾਰ ਨੇ ਪੜ੍ਹਾਈ ਦਾ ਫੰਡ ਗੁਰੂ ਘਰ ਦੀਆਂ ਇਮਾਰਤਾਂ ਨੂੰ ਦਾਨ ਕਰ ਦਿੱਤਾ ਹੋਵੇ। ਭਾਵੇਂ ਕੋਈ ਜੋ ਮਰਜੀ ਕਹੇ ਪਰ ਅਗਲੇ ਸਾਡੇ ਤੋਂ ਸੌ ਗੁਣਾਂ ਸਿਆਣੇ ਹਨ ਸਾਡੇ ਚੋਂ ਗਿਆਨਾ ਸਿਓ ਬਣੀ ਕਤੀੜ ਨੇ ਕਦੇ ਡੇਢ ਸੌ ਸਾਲ ਵੀਰਾਨ ਪਈਆਂ ਸਿੱਖ ਰਾਜ ਦੀਆਂ ਰੁਲ੍ਹ ਰਹੀਆਂ ਵਿਰਾਸਤਾਂ ਤੇ ਨਹੀ ਬੋਲਿਆ ਨਾ ਲਿਖਿਆ ਜੋ ਪੰਜਾਬ ਦੇ ਸ਼ਹਿਰ ਅੰਮ੍ਰਿਤਸਰ ਤੇ ਬਟਾਲਾ ਵਿਖੇ ਗੈਰਾਂ ਦੇ ਕਬਜੇ ਹੇਠ ਭੂ ਮਾਫੀਆ ਤੱਕ ਦੀਆਂ ਸ਼ਿਕਾਰ ਹੋ ਕੇ ਰਹਿ ਗਈਆਂ ਤੇ ਵਿਰਾਨ ਖੰਡਰ ਬਣ ਢਹਿ ਰਹੀਆਂ ਹਨ...ਪਰ ਅਗਲਿਆਂ ਇਤਿਹਾਸ ਸਿਰਜਿਆ ਹੈ ਰੋਣ ਪਿੱਟਣ ਨਾਲੋਂ ਸਾਨੂੰ ਵੀ ਕੌਮੀ ਪੱਖੋਂ ਆਪਣੀਆਂ ਵਿਰਾਸਤਾਂ ਤੇ ਪੰਥ ਦੇ ਕਬਜੇ ਲਈ ਸੰਘਰਸ਼ ਦਾ ਬਿਗਲ ਵਜਾਉਣਾ ਚਾਹੀਦਾ ਹੈ ।

ਧਾਰਮਿਕ ਇਨਸਾਨ ਦਾਰਸ਼ਨਿਕ ਅਤੇ ਵਜੂਦ ਵਾਲੇ ਹੁੰਦੇ ਹਨ,ਜਿਨ੍ਹਾਂ ਦੀ ਮਾਨਸਿਕ ਅਗਵਾਈ ਹਜੂਮ ਨਹੀ ਕਰਦੇ, ਬਲਕਿ ਭੀੜਾਂ ਧਰਮੀਆਂ ਦੇ ਪਿੱਛੇ ਚੱਲਦੀਆਂ ਹਨ ਅੱਜ ਸਾਡੇ ਨਾਲ ਉਲਟ ਹੋ ਰਿਹਾ। ••


24 SERVICE EVERYDAY HOURS

PURE AND NATURAL 100% VEGETARIAN PURE AND NATURAL

Enjoy Real Taste of PUNJAB

KD

FULLY A.C. HALL

## Khehra VAISHNO DHABA

BREAKFAST
LUNCH
DINNER

OUR SPECIALIZATION : Au Important Ingredients used to Prepare Dishes are Grown in our own farmes.

Soup
Burger
Sandwich
Pizza
Grilled Breads
Continental Fast Food
Tandoori Snacks
Tandoori Breads
Biryani Khas
Beverages
Shakes
Desserts
Punjabi Snacks
South Indian
Kathi Roll
Pasta
Chines Food
Raita Salad

V.P.O. Mallian
Jalandhar-Amritsar G.T. Road
NEAR JANDIALA GURU
Contact
98610-00057, 99152-32757



We Accept Online & Card Payment



## ਪੰਜਾਬੀ

ਸਿੱਖੋ ਬੋਲੋ ਪੜ੍ਹੋ ਲਿਖੋ

ਮਾਂ ਬੋਲੀ ਪੰਜਾਬੀ ਨੂੰ ਪਿਆਰ ਕਰੋ

Love Maa Boli Punjabi

| | | | | |
|---|---|---|---|---|
| ੳ | ਅ | ੲ | ਸ | ਹ |
| ਕ | ਖ | ਗ | ਘ | ਙ |
| ਚ | ਛ | ਜ | ਝ | ਞ |
| ਟ | ਠ | ਡ | ਢ | ਣ |
| ਤ | ਥ | ਦ | ਧ | ਨ |
| ਪ | ਫ | ਬ | ਭ | ਮ |
| ਯ | ਰ | ਲ | ਵ | ੜ |
| ਸ਼ | ਖ਼ | ਗ਼ | ਜ਼ | ਫ਼ | ਲ਼ |

www.damdamitaksal.net

ਮੁਕਤਾ, ਾ ਕੰਨਾ, ਿ ਸਿਹਾਰੀ, ੀ ਬਿਹਾਰੀ

ੁ ਔਂਕੜ, ੂ ਦੁਲੈਂਕੜ, ੇ ਲਾਂ, ੈ ਦੁਲਾਵਾਂ

ੋ ਹੋੜਾ, ੌ ਕਨੌੜਾ, ੰ ਟਿੱਪੀ, ਾਂ ਕੰਨਾ-ਬਿੰਦੀ

www.damdamitaksal.net

੧ ੨ ੩ ੪ ੫ ੬ ੭ ੮ ੯ ੧੦

www.damdamitaksal.net

Learn Speak Read Write PUNJABI

# ਗਰੀਬਾਂ ਦੇ ਬੱਚੇ ਪੜ੍ਹਾਈ ਕਰਕੇ ਹੀ ਬਣਾ ਸਕਦੇ ਹਨ ਆਪਣਾ ਭਵਿੱਖ : ਭਾਨ ਸਿੰਘ ਜੱਸੀ

## ਲੋੜਵੰਦ ਬੱਚਿਆਂ ਦਾ ਕੀਤਾ ਗਿਆ ਸਨਮਾਨ



ਸੇਰਪੁਰ 22 ਜਨਵਰੀ ( ਪੱਤਰ ਪ੍ਰੇਰਕ ) ਸਥਾਨਕ ਡਾ: ਬੀ.ਆਰ ਅੰਬੇਡਕਰ ਧਰਮਸ਼ਾਲਾ ਵਿਖੇ ਸਮਾਜ ਸੇਵੀ ਇੰਜੀ: ਭਾਨ ਸਿੰਘ ਜੱਸੀ ( ਰਿਟਾ: ਜੇ.ਈ ਪਾਵਰਕੌਮ ) ਦੀ ਅਗਵਾਈ ਵਿੱਚ ਲੋੜਵੰਦ ਅਤੇ ਗਰੀਬ ਘਰਾਂ ਦੇ ਬੱਚਿਆਂ ਨੂੰ ਠੰਡ ਤੋਂ ਬਚਾਉਣ ਲਈ ਉਹਨਾਂ ਦਾ ਗਰਮ ਕੋਟੀਆਂ , ਬਜ਼ੁਰਗਾਂ ਅਤੇ ਮਾਵਾਂ ਭੈਣਾਂ ਨੂੰ ਸਾਲ , ਗਰਮ ਇਨਰ , ਅਤੇ ਕੋਟ ਵੰਡਣ ਦੀ ਸੇਵਾ ਕਰਕੇ ਸਨਮਾਨ ਕੀਤਾ ਗਿਆ, ਇਸ ਮੌਕੇ ਬੋਲਦਿਆਂ ਸਮਾਜ ਸੇਵੀ ਭਾਨ ਸਿੰਘ ਜੱਸੀ ( ਜੱਸੀ ਪੇਧਨੀ ) ਨੇ ਕਿਹਾ ਕਿ ਸਾਨੂੰ ਗੁਰੂ ਨਾਨਕ ਸਾਹਿਬ ਜੀ ਦੇ ਸਰਬੱਤ ਦੇ ਭਲੇ ਦੇ ਸੰਕਲਪ ਨੂੰ ਲਾਗੂ ਕਰਨ ਲਈ ਲੋੜਵੰਦਾਂ ਅਤੇ ਗਰੀਬਾਂ ਦੀ ਸੇਵਾ ਲਈ ਅੱਗੇ ਆਉਣਾ ਚਾਹੀਦਾ ਹੈ। ਉਹਨਾਂ ਕਿਹਾ ਕਿ ਸਾਨੂੰ ਈਰਖਾ ਅਤੇ ਹਉਮੈ ਦੀ ਦਲਦਲ ਵਿੱਚੋਂ ਬਾਹਰ ਨਿਕਲਦਿਆ,ਇਸ ਛੋਟੀ ਜਿਹੀ ਜ਼ੀਂਦਗੀ ਦੌਰਾਨ ਸਮਾਜ ਨੂੰ ਸੋਹਣਾ ਬਣਾਉਣ ਲਈ ਆਪਣਾ ਬਣਦਾ ਯੋਗਦਾਨ ਪਾਉਣਾ ਚਾਹੀਦਾ ਹੈ ਅੰਤ ਵਿੱਚ ਸਮਾਜ ਸੇਵੀ ਭਾਨ ਸਿੰਘ ਜੱਸੀ ਨੇ ਬੱਚਿਆਂ ਨੂੰ ਅਪੀਲ ਕੀਤੀ ਕਿ ਉਹ ਨਸਿਆਂ ਅਤੇ ਹੋਰ ਬੁਰਾਈਆਂ ਤੋ ਦੂਰ ਦੂਰ ਰਹਿੰਦਿਆਂ ਪੜ੍ਹਾਈ ਕਰਦੇ ਹੋਏ ਮੰਜ਼ਲਿ ਪ੍ਰਾਪਤੀਆਂ ਵੱਲ ਵਧਣ ਦੀ ਹਿੰਮਤ ਕਰਨ । ਇਸ ਮੌਕੇ ਹੋਰਨਾਂ ਤੋਂ ਇਲਾਵਾ ਜਥੇਦਾਰ ਕਰਨੈਲ ਸਿੰਘ ਬਾਗੜੀ , ਸਾਬਕਾ ਚੇਅਰਮੈਨ ਹਰਭਜਨ ਸਿੰਘ ,ਜਸਵਿੰਦਰ ਸਿੰਘ ਜੱਸੀ,ਭਰਮੀ ਗਿਣਤੀ ਵਿੱਚ ਸੰਗਤ ਅਤੇ ਬੱਚੇ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV


ਧੁਰ ਕੀ ਬਾਣੀ ਸਬਦ ਸਚੀ ਟਕਸਾਲ
ਦਮਦਮੀ ਟਕਸਾਲ
ਜਥਾ ਭਿੰਡਰਾਂ (ਮਹਿਤਾ)
ਨਾਮ ਜਪੋ
ਕਿਰਤ ਕਰੋ
ਵੰਡ ਛਕੋ
Naam Japo
Kirat Karo
Vand Shako
www.damdamitaksal.net
ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥
WAHEGURU JI KA KHALSA WAHEGURU JI KI FATEH
ਖੰਡੇ ਬਾਟੇ ਦੀ ਪਾਹੁਲ ਛਕ ਕੇ ਗੁਰੂ ਵਾਲੇ ਬਣੋ
Khande Bate di Pahul Shak Ke Guru Wale Bano
ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ
Join Gurbani Santhia and Gurmat Sikhia
ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ
Learn Kirtan Katha Kavishri and Dhadi Waran
ਗੁਰਮੁਖੀ ਪੰਜਾਬੀ ਸਿੱਖੋ
Learn Gurmukhi Punjabi
ਗਤਕਾ ਸਿੱਖੋ Learn Gatka
www.damdamitaksal.net



ਸਾਬਤ ਸੂਰਤਿ ਦਸਤਾਰ ਸਿਰਾ
ਦਸਤਾਰਾਂ ਹੀ ਦਸਤਾਰਾਂ

ਰੰਧਾਵਾ ਪਗੜੀ ਸੈਂਟਰ

ਦਸਤਾਰਾਂ ਦੇ ਥਾਨ ਥੋਕ ਦੇ ਭਾਅ ਖ਼ਰੀਦਣ ਲਈ ਸੰਪਰਕ ਕਰੋ।
✤ ਦੁਨੀਆਂ ਦੇ ਕਿਸੇ ਵੀ ਕੋਨੇ 'ਚ ਦਸਤਾਰਾਂ ਮੰਗਵਾਉਣ ਲਈ ਸੰਪਰਕ ਕੀਤਾ ਜਾ ਸਕਦਾ ਹੈ।
ਇੱਥੇ ਹਰ ਤਰ੍ਹਾਂ ਦੀਆਂ ਪੱਗਾਂ ਅਤੇ ਸੁੰਦਰ ਰੁਮਾਲਾ ਸਾਹਿਬ ਮਿਲਦੇ ਹਨ।
ਰੈਣਕ ਬਾਜਾਰ, ਜਲੰਧਰ (ਪੰਜਾਬ)
ਸੰਪਰਕ ਨੰ. :
+91 98882-22446



ASA Gas Heating Solution Ltd.
Boilers
Certificates
Gas Work
Cylinders
Maintenance Services
Gas Safety Inspections
Plumbing Work
Vaillant APPROVED INSTALLER
WORCESTER Bosch Group
ਏ.ਐਸ.ਏ. ਗੈਸ ਹੀਟਿੰਗ ਸਲੂਸ਼ਨ ਲਿਮਟਿਡ ਕੰਪਨੀ ਦੇ ਮਾਲਕ ਜਾਣੇ ਪਹਿਚਾਣੇ ਗੋਲਡ ਮੈਡਲਿਸਟ ਢਾਡੀ ਜੱਥਾ ASA ਦੇ ਨੌਜਵਾਨਾਂ ਨੇ ਸ਼ੁਰੂ ਕੀਤੀ ਹੈ। ਜਿਹੜੇ ਗੈਸ ਅਤੇ ਬਿਜਲੀ ਦਾ ਕੰਮ ਬਹੁਤ ਹੀ ਤਸੱਲੀਬਖ਼ਸ ਅਤੇ ਸਸਤੇ ਰੇਟਾਂ ਤੇ ਕਰਦੇ ਹਨ। ਨੌਜਵਾਨ ਬੱਚਿਆਂ ਨੇ ਨਵਾਂ ਨਵਾਂ ਆਪਣਾ ਕੰਮ ਸ਼ੁਰੂ ਕੀਤਾ ਹੈ। ਸੋ ਇਹਨਾਂ ਬੱਚਿਆਂ ਦਾ ਵੱਧ ਤੋਂ ਵੱਧ ਸਹਿਯੋਗ ਦੇਣ ਦੀ ਅਪੀਲ ਕੀਤੀ ਜਾਂਦੀ ਹੈ
Mr. Simran Singh : 0749 534 2620
asagasheatingsolutions@gmail.com
Call us now for a Free no-olbigation quote





## ਗੁਰਦੁਆਰਾ ਨਾਨਕਪੁਰੀ ਸਾਹਿਬ ਗੁਰਮਤਿ ਵਿਦਿਆਲੇ ਪਿੰਡ ਬੁੱਕਣ ਖਾਂ ਵਿਖੇ ਦਮਦਮੀ ਟਕਸਾਲ ਦੇ ਪਹਿਲੇ ਜਥੇਦਾਰ ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ ਨੂੰ ਮੁੱਖ ਰੱਖਦਿਆਂ

# 27 ਜਨਵਰੀ ਨੂੰ ਗੁਰਮਤਿ ਸਮਾਗਮ ਤੇ 26 ਜਨਵਰੀ ਨੂੰ ਸਜਾਇਆ ਜਾਵੇਗਾ ਵਿਸ਼ਾਲ ਨਗਰ ਕੀਰਤਨ—ਗਿਆਨੀ ਸੁਖਦੇਵ ਸਿੰਘ ਖਾਲਸਾ




ਫ਼ਿਰੋਜ਼ਪੁਰ, 23 ਜਨਵਰੀ (ਮਨੋਹਰ ਲਾਲ) :— ਗੁਰਦੁਆਰਾ ਨਾਨਕ ਪੁਰੀ ਸਾਹਿਬ ਗੁਰਮਤਿ ਵਿਦਿਆਲਾ ਦਮਦਮੀ ਟਕਸਾਲ ਪਿੰਡ ਬੁੱਕਣ ਖਾਂ ਵਾਲਾ ਫ਼ਿਰੋਜ਼ਪੁਰ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਦਮਦਮੀ ਟਕਸਾਲ ਦੇ ਪਹਿਲੇ ਜਥੇਦਾਰ ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ ਨੂੰ ਮੁੱਖ ਰੱਖਦਿਆਂ ਹੋਇਆ 27 ਜਨਵਰੀ ਨੂੰ ਗੁਰਮਤਿ ਸਮਾਗਮ ਅਤੇ 26 ਜਨਵਰੀ ਨੂੰ ਵਸ਼ਾਲ ਨਗਰ ਕੀਰਤਨ ਸਜਾਇਆ ਜਾਵੇਗਾ। ਇਹ ਜਾਣਕਾਰੀ ਗੁਰਦੁਆਰਾ ਨਾਨਕਪੁਰੀ ਸਾਹਿਬ ਗੁਰਮਤਿ ਵਿਦਿਆਲੇ ਬੁੱਕਣ ਖਾਂ ਫ਼ਿਰੋਜ਼ਪੁਰ ਦੇ ਮੁੱਖ ਸੇਵਾਦਾਰ ਸ੍ਰੀਮਾਨ ਗਿਆਨੀ ਸੁਖਦੇਵ ਸਿੰਘ ਖਾਲਸਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸਿੱਖ ਕੌਮ ਦੇ ਮਹਾਨ ਅਤੇ ਦਮਦਮੀ ਟਕਸਾਲ ਦੇ ਪਹਿਲੇ ਜਥੇਦਾਰ ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ ਨੂੰ ਮੁੱਖ ਰੱਖਦਿਆਂ ਹੋਇਆ 27 ਜਨਵਰੀ ਨੂੰ ਗੁਰਮਤਿ ਸਮਾਗਮ ਕਰਵਾਇਆ ਜਾਵੇਗਾ। ਇਸ ਮੌਕੇ ਤੇ ਸਭ ਤੋਂ ਪਹਿਲਾਂ ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ, ਭੋਗ ਉਪਰੰਤ ਦੀਵਾਨ ਸਜਾਏ ਜਾਣਗੇ, ਜਿਸ ਵਿਚ ਰਾਗੀ, ਢਾਡੀ, ਕਥਾਵਾਚਕ ਜਥਿਆਂ ਵੱਲੋਂ ਆਪਣੀ ਮਧੁਰ ਬਾਣੀ ਨਾਲ ਗੁਰੂ ਜ਼ਸ ਸੁਣਾ ਕੇ ਨਿਹਾਲ ਕਰਨਗੇ। ਸ੍ਰੀਮਾਨ ਗਿਆਨੀ ਸੁਖਦੇਵ ਸਿੰਘ ਖਾਲਸਾ ਨੇ ਅੱਗੇ ਦੱਸਿਆ ਕਿ 26 ਜਨਵਰੀ ਨੂੰ ਵਿਸ਼ਾਲ ਨਗਰ ਕੀਰਤਨ ਸਜਾਇਆ ਜਾਵੇਗਾ। ਇਹ ਵਿਸ਼ਾਲ ਨਗਰ ਕੀਰਤਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਪੰਜ ਪਿਆਰਿਆਂ ਦੀ ਅਗਵਾਈ ਹੇਠ ਸਜਾਇਆ ਜਾਵੇਗਾ। ਇਸ ਨਗਰ ਕੀਰਤਨ ਦੀ ਦੇਖ—ਰੇਖ ਦਾਸ ਦੀ ਹੋਵੇਗੀ। ਇਹ ਵਿਸ਼ਾਲ ਨਗਰ ਕੀਰਤਨ ਗੁਰਦੁਆਰਾ ਨਾਨਕ ਪੁਰੀ ਸਾਹਿਬ ਗੁਰਮਤਿ ਵਿਦਿਆਲਾ ਪਿੰਡ ਬੁੱਕਣ ਖਾਂ ਵਾਲਾ ਤੋਂ 8 ਵਜੇ ਪ੍ਰਾਰੰਭ ਹੋ ਕੇ ਪਿੰਡ ਬੁੱਕਣ ਖਾਂ ਵਾਲਾ ਤੋਂ ਝੋਕ ਹਰੀਹਰ, ਗੁਰਦੁਆਰਾ ਕਰਮਸਰ ਸਾਹਿਬ, ਜੀਆਂ ਬੱਗਾ, ਫੱਤੂ ਵਾਲਾ, ਬਸਤੀ ਨੇਕਾਂ ਵਾਲੀ, ਬਸਤੀ ਕੀਮੇ ਵਾਲੀ, ਹਾਜੀ ਵਾਲਾ, ਮੀਰਾ ਸ਼ਾਹ ਨੂਰ, ਠਾਠ ਨਾਨਕਸ ਗੋਬਿੰਦ ਨਵਰ, ਬਾਲੇ ਵਾਲਾ, ਗਾਮੇਵਾਲਾ, ਭਾਵੜਾ ਆਜ਼ਮ ਸ਼ਾਹ, ਮਹਿਮਾ, ਰੋੜਾ ਵਾਲੀ, ਚੂਹੜ ਖਲਚੀਆ, ਗੁਲਾਮ ਪੱਤਰਾ, ਮੋਹਰੇ ਵਾਲਾ, ਨਸੀਰਾ ਖਲਚੀਆਂ, ਬਸਤੀ ਨੱਥੇ ਸ਼ਾਹ, ਸੈਦੇ ਕੇ ਰੁਹੇਲਾ, ਧੀਰਾ ਪੱਤਰਾ, ਬੁਕਣ ਖਾਂ ਤੋਂ ਹੁੰਦਾ ਹੋਇਆ ਗੁਰਦੁਆਰਾ ਨਾਨਕ ਪੁਰੀ ਸਾਹਿਬ ਗੁਰਮਤਿ ਵਿਦਿਆਲੇ ਵਿਚ ਸ਼ਾਮ ਨੂੰ ਸਮਾਪਤੀ ਦੀ ਅਰਦਾਸ ਹੋਵੇਗੀ। ਸ੍ਰੀਮਾਨ ਗਿਆਨੀ ਸੁਖਦੇਵ ਸਿੰਘ ਖਾਲਸਾ ਨੇ ਅੱਗੇ ਦੱਸਿਆ ਕਿ ਪਿੰਡ ਫੱਤੂਵਾਲੇ ਅਤੇ ਪਿੰਡ ਧੀਰਾ ਪੱਤਰਾ ਵੱਲੋਂ ਲੰਗਰ ਦੀ ਸੇਵਾ ਕੀਤੀ ਜਾਵੇਗੀ ਅਤੇ ਵਿਸ਼ਾਲ ਨਗਰ ਕੀਰਤਨ ਲਈ ਪਿੰਡਾਂ ਦੀਆਂ ਸੰਗਤਾਂ ਵੱਲੋਂ ਥਾਂ—ਥਾਂ ਤੇ ਚਾਹ ਦਾ ਲੰਗਰ, ਫਰੂਟ ਦਾ ਲੰਗਰ ਅਤੇ ਹੋਰ ਅਨੇਕਾਂ ਪ੍ਰਕਾਰ ਦੇ ਲੰਗਰ ਅਤੁੱਟ ਵਰਤਾਏ ਜਾਣਗੇ। ਇਸ ਮੌਕੇ ਤੇ ਸ਼ਹੀਦ ਬਾਬਾ ਬੋਤਾ ਸਿੰਘ, ਬਾਬਾ ਗਰਜਾ ਸਿੰਘ ਵੱਲੋਂ ਗਤਕਾ ਅਖਾੜੇ ਵੱਲੋਂ ਗੱਤਕੇ ਦੇ ਜ਼ੌਹਰ ਵਿਖਾਏ ਜਾਣਗੇ। ਸ੍ਰੀਮਾਨ ਗਿਆਨੀ ਸੁਖਦੇਵ ਸਿੰਘ ਖਾਲਸਾ ਜੀ ਨੇ ਸਮੂਹ ਇਲਾਕੇ ਭਰ ਦੀਆਂ ਸੰਗਤਾਂ ਅੱਗੇ ਬੇਨਤੀ ਕੀਤੀ ਕਿ ਉਹ 26 ਜਨਵਰੀ ਨੂੰ ਵਿਸ਼ਾਲ ਨਗਰ ਕੀਰਤਨ ਵਿਚ ਗੁਰੂ ਵੱਲੋਂ ਬਖਸ਼ਿਸ਼ ਹੋਏ ਕਾਰਾਂ, ਜੀਪਾਂ, ਟਰੈਕਟਰਾਂ, ਟਰਾਲੀਆਂ ਲੈ ਕੇ ਸ਼ਾਮਿਲ ਹੋ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ। ਇਸ ਮੌਕੇ ਤੇ ਸੰਤ ਮਹਾਂਪੁਰਸ਼ ਵੀ ਆਪਣੀ ਹਾਜ਼ਰੀ ਲੁਆਉਣਗੇ। ਉਨ੍ਹਾਂ ਦੱਸਿਆ ਕਿ ਇਨ੍ਹਾਂ ਸਮਾਗਮਾਂ ਦੌਰਾਨ ਭਾਈ ਗੁਰਦੀਪ ਸਿੰਘ ਬੁੱਕਣ ਵਾਲਾ ਵਿਸ਼ੇਸ਼ ਯੋਗਦਾਨ ਪਾ ਰਹੇ ਹਨ ਅਤੇ ਸਮਾਗਮ ਦੌਰਾਨ ਤਨੋ—ਮਨੋ ਸੇਵਾ ਨਿਭਾਉਣਗੇ।

# ਗੁਰਦੁਆਰਾ ਜਾਮਨੀ ਸਾਹਿਬ ਬਜੀਦਪੁਰ ਵਿਖੇ ਬਸੰਤ ਪੰਚਮੀ ਮੌਕੇ ਟੂਰਨਾਮੈਂਟ ਕਰਵਾਉਣ ਸਬੰਧਿਤ ਅੱਜ ਪਹਿਲੀ ਮੀਟਿੰਗ



ਫ਼ਿਰੋਜ਼ਪੁਰ, 23 ਜਨਵਰੀ (ਮਨੋਹਰ ਲਾਲ) :— ਗੁਰਦੁਆਰਾ ਜਾਮਨੀ ਸਾਹਿਬ ਬਜੀਦਪੁਰ ਵਿਖੇ ਇਲਾਕੇ ਦੀ ਸੰਗਤ ਅਤੇ ਐਨ.ਆਰ.ਆਈ ਭਰਾਵਾਂ ਦੇ ਸਹਿਯੋਗ ਨਾਲ ਕਰਵਾਏ ਜਾਂਦੇ ਬਸੰਤ ਪੰਚਮੀ ਟੂਰਨਾਮੈਂਟ ਦੇ ਸਬੰਧ ਵਿਚ ਮੈਂਬਰਾਂ ਦੀ ਹੋਈ ਹੰਗਾਮੀ ਮੀਟਿੰਗ। ਇਸ ਮੌਕੇ ਬੋਲਦਿਆਂ ਦਲੀਪ ਸਿੰਘ ਸੰਧੂ, ਬਲਦੇਵ ਸਿੰਘ ਭੁੱਲਰ ਅਤੇ ਸ਼ਾਮ ਸਿੰਘ ਮੁੱਦਕਾ ਨੇ ਦੱਸਿਆ ਕਿ ਹਰ ਸਾਲ ਬਸੰਤ ਪੰਚਮੀ ਟੂਰਨਾਮੈਂਟ ਇਲਾਕੇ ਦੇ ਅਤੇ ਐਨ.ਆਰ.ਆਈ ਭਰਾਵਾਂ ਵੱਲੋਂ ਬਹੁਤ ਵੱਡੇ ਪੱਧਰ ਤੇ ਮਨਾਇਆ ਜਾਦਾ ਹੈ ਜਿਸ ਨੂੰ ਲੈ ਕੇ ਹਰ ਮੈਂਬਰ ਅਤੇ ਆਹੁਦੇਦਾਰ ਉਤਸ਼ਾਹ ਨਾਲ ਭਰਿਆ ਰਹਿੰਦਾ ਹੈ। ਉਨ੍ਹਾਂ ਦੱਸਿਆ ਕਿ ਟੂਰਨਾਮੈਂਟ ਕਰਵਾਉਣ ਦਾ ਮੰਤਵ ਨਵੀਂ ਪੀੜੀ ਨੂੰ ਪੰਜਾਬ ਦੇ ਵਿਰਸੇ ਖੇਡਾਂ ਨਾਲ ਜੋੜਨਾ ਹੈ, ਜੋ ਅੱਜ ਕੱਲ ਦੇ ਬੱਚੇ ਮੋਬਾਈਲਾਂ ਕਰਕੇ ਭੁੱਲ ਗਏ ਹਨ, ਜਿਸ ਨੂੰ ਲੈ ਕੇ ਅੱਜ ਮਿਤੀ 21 ?1 ?2024 ਨੂੰ ਗੁਰਦੁਆਰਾ ਜਾਮਨੀ ਸਾਹਿਬ ਬਜੀਦਪੁਰ ਵਿਚ ਬਸੰਤ ਪੰਚਮੀ ਕਮੇਟੀ ਦੀ ਪਹਿਲੀ ਮੀਟਿੰਗ ਹੋਈ ਜਿਸ ਵਿੱਚ ਟੂਰਨਾਮੈਂਟ ਨੂੰ ਕਰਵਾਉਣ ਸਬੰਧੀ ਆਏ ਮੈਂਬਾਂ ਵਲੋਂ ਵਿਚਾਰ ਦਿੱਤੇ ਗਏ। ਉਨ੍ਹਾਂ ਦੱਸਿਆ ਕਿ ਇਸ ਟੂਰਨਾਮੈਂਟ ਵਿੱਚ ਕਬੱਡੀ ਓਪਨ ਬੁੱਕ ਕੀਤੀਆਂ ਟੀਮਾਂ, ਕਬੱਡੀ ਲੜਕੀਆ, ਵਾਲੀਬਾਲ ਅਤੇ ਹੋਰ ਖੇਡਾਂ ਕਰਵਾਈਆਂ ਜਾਣਗੀਆਂ। ਇਸ ਮੌਕੇ ਵਿਪਨ ਸ਼ਰਮਾ ਰੇਲਵੇ, ਰਮੇਸ਼ ਸ਼ਰਮਾ ਨੇ ਗੱਲਬਾਤ ਕਰਦਿਆ ਕਿਹਾ ਕਿ ਇਲਾਕਾ ਵਾਸੀਆਂ ਦੇ ਸਹਿਯੋਗ ਨਾਲ ਇਹ ਜੋ ਪੇਂਡੂ ਖੇਡਾਂ ਹਰ ਸਾਲ ਕਰਵਾਈਆਂ ਜਾਂਦੀਆਂ ਹਨ, ਇਸ ਵਾਰ ਵੀ ਐਨ.ਆਰ.ਆਈ ਭਰਾਵਾਂ, ਨਗਰ ਨਿਵਾਸੀਆਂ ਅਤੇ ਇਲਾਕੇ ਦੇ ਲੋਕਾਂ ਵਿਚ ਭਾਰੀ ਜੋਸ਼ ਦੇਖਣ ਨੂੰ ਮਿਲ ਰਿਹਾ ਹੈ। ਇਸ ਸਾਲ ਦੀਆਂ ਤਿਆਰੀਆਂ ਬਹੁਤ ਵੱਡੇ ਪੱਧਰ ਤੇ ਕੀਤੀਆਂ ਜਾ ਰਹੀਆਂ ਹਨ। ਇਸ ਮੌਕੇ ਗੁਰਪ੍ਰੀਤ ਸਿੰਘ ਮੁਦੱਕਾ, ਬਲਵਿੰਦਰ ਸਿੰਘ, ਗੁਰਜੰਟ ਸਿੰਘ, ਗੁਰਨਾਮ ਸਿੰਘ, ਮੇਹਰ ਸਿੰਘ ਮਨੀਲਾ, ਨਰਿੰਦਰ ਸ਼ਰਮਾ, ਧਰਮਿੰਦਰ ਕੁਮਾਰ ਬੱਬੂ, ਜਸਪਾਲ ਸਿੰਘ ਮੈਨੇਜਰ, ਹਰਜੀਤ ਸਿੰਘ ਹਾਂਡਾ, ਰੇਸ਼ਮ ਸਿੰਘ, ਸਾਹਿਬ ਸਿੰਘ, ਸਾਰਜ ਸਿੰਘ, ਰਵੀ ਸ਼ਰਮਾ, ਸਰਵਨ ਸਿੰਘ ਸਰਪੰਚ, ਜਸਵੀਰ ਸਿੰਘ ਜੱਸ, ਬਲਰਾਮ ਸ਼ਰਮਾ ਮੋਨੂੰ, ਮਲਕੀਤ ਸਿੰਘ, ਗੁਰਦੇਵ ਸਿੰਘ, ਸਾਹਿਲ ਦੇਵਗਨ ਟਗਜ,ਸੋਨੂੰ ਆਸਟ੍ਰੇਲੀਆ ਆਦਿ ਵੱਡੀ ਗਿਣਤੀ ਵਿੱਚ ਮੈਂਬਰ ਹਾਜ਼ਰ ਸਨ।


ਅਕਾਲ ਸਹਾਇ
ਸਿੱਖ ਨੌਜਵਾਨਾਂ ਨੂੰ ਗੁਰਬਾਣੀ ਸਿਧਾਂਤਾਂ ਅਤੇ ਮਾਣਮੱਤੇ ਸਿੱਖ ਵਿਰਸੇ ਨਾਲ ਜੋੜ ਕੇ ਸਮੇਂ ਦੇ ਹਾਣੀ ਬਣਾਉਣ ਲਈ
ਮਹਾਨ ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ ਮੌਕੇ
ਅੰਤਰਰਾਸ਼ਟਰੀ ਸਿੱਖ ਯੂਥ ਕਾਨਫਰੰਸ
ਤਖਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ
ਮਿਤੀ :25 ਜਨਵਰੀ 2024 ਦਿਨ ਵੀਰਵਾਰ
ਸਵੇਰੇ 11 ਵਜੇ ਤੋਂ 1 ਵਜੇ ਤੱਕ
ਸਿੱਖ ਸਿਧਾਂਤਾਂ ਦੀ ਪਹਿਰੇਦਾਰੀ ਕਰਦਿਆਂ ਵੱਖ ਵੱਖ ਖੇਤਰਾਂ ਵਿਚ ਵਡਮੁੱਲੀਆਂ ਸੇਵਾਵਾਂ ਕਰ ਰਹੀਆਂ ਸਿੱਖ ਸਖਸ਼ੀਅਤਾਂ ਨੂੰ ਵਿਸ਼ੇਸ਼ ਸਨਮਾਨ ਦਿੱਤਾ ਜਾਵੇਗਾ। ਪੰਥ ਦੇ ਮਹਾਨ ਵਿਦਵਾਨ ਇਤਿਹਾਸਕਾਰ ਸੰਬੋਧਨ ਕਰਨਗੇ।
ਸਿੱਖ ਨੌਜਵਾਨਾਂ ਨੂੰ ਅਪੀਲ ਹੈ ਕਿ ਆਓ! ਗੁਰੂ ਦਰ ਤੇ ਜੁੜ ਬੈਠੀਏ ਤੇ ਸਿੱਖੀ ਦੀਆਂ ਬਾਤਾਂ ਪਾਈਏ
ਪ੍ਰਬੰਧਕ: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਤਖਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ
ਆਵਾਜ਼ਿ ਕੌਮ AWAZE QAUM International Newspaper & WEB TV
ਗੁਰੂ ਪੰਥ ਦੀ ਸੇਵਾ ਵਿਚ
ਗਿਆਨੀ ਹਰਪ੍ਰੀਤ ਸਿੰਘ, ਜਥੇਦਾਰ ਤਖਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ
ਕੋਆਰਡੀਨੇਟਰ : ਪਰਮਪਾਲ ਸਿੰਘ ਸਭਰਾਅ ਅਲਾਇੰਸ ਆਫ ਸਿੱਖ ਆਰਗੇਨਾਈਜੇਸ਼ਨਸ
98555 05800, 981499 1699, 8146 810006





### ਫਿਲਮ ਫੈਸਟਾ ਅਵਾਰਡ ਸ਼ੋ ਵਿੱਚ

# ਵਕਤ ਫ਼ਿਲਮ ਨੇ ਮਾਰੀਆਂ ਮੱਲਾਂ





**ਜਲੰਧਰ, 23 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਗੁਰਪ੍ਰੀਤ ਸਿੰਘ ਫਤਿਹ ਬੈਸਟ ਐਕਟਰ ਬੈਸਟ ਸਟੋਰੀ ਅਤੇ ਐਕਸ਼ਨ ਦਾ ਅਵਾਰਡ ਜਿੱਤ ਕੇ ਬਿਰਲੀਕੋ ਇੰਸਟੀਚਿਊਟ ਜਲੰਧਰ ਦਾ ਕੀਤਾ ਨਾਮ ਰੌਸ਼ਨ। ਇਸ ਖਿੱਤੇ ਦੇ ਸਭਿਆਚਾਰ ਅਮੀਰ ਵਿਰਸੇ ਦੀ ਸੰਭਾਲ ਅਤੇ ਨਰੋਈਆਂ ਕਦਰਾਂ ਕੀਮਤਾਂ ਨੂੰ ਉਤਸ਼ਾਹ ਕਰਨ ਵਾਲੀਆਂ ਕਲਾਵਾਂ ਦੇ ਸੰਚਾਰ ਨੂੰ ਮੁੱਖ ਰੱਖਦਿਆਂ ਬਿਰਲੀਕੋ ਇੰਸਟੀਚਿਊਟ ਆਫ ਮਲਟੀਮੀਡੀਆ ਵੱਲੋਂ ਫ਼ਲਿਮ ਫੈਸਟਾ ਅਵਾਰਡ ਸ਼ੋ ਸੁਨੀਲ ਨੰਦਾ ਦੀ ਅਗਵਾਈ ਵਿੱਚ ਕੀਤਾ ਗਿਆ। ਜਿਸ ਵਿੱਚ ਵੱਖ ਵੱਖ ਇੰਸਟੀਚਿਊਟ ਵੱਲੋਂ ਸ਼ੋਟ ਫ਼ਲਿਮ ਬਣਾਈ ਗਈਆਂ। ਇਸ ਫ਼ਲਿਮ ਅਵਾਰਡ ਸ਼ੋ ਵਿੱਚ "ਵਕਤ" ਫ਼ਲਿਮ ਨੇ ਮੱਲਾਂ ਮਾਰੀਆਂ। ਇਸ ਸ਼ੋ ਵਿਚ ਵਿਸ਼ੇਸ਼ ਤੌਰ ਤੇ ਮੈਂਬਰ ਪਾਰਲੀਮੈਂਟ ਰਵਨੀਤ ਸਿੰਘ ਬਿੱਟੂ ਪਹੁੰਚੇ ਅਤੇ "ਵਕਤ" ਫਿਲਮ ਬਾਰੇ ਵਿਚਾਰ ਚਰਚਾ ਕੀਤੀ ਕੀ ਜੀਵਨ ਦੀਆਂ ਬਹੁਤ ਹੀ ਉੱਚੀਆਂ ਸੁੱਚੀਆਂ ਕਦਰਾਂ ਕੀਮਤਾਂ ਨੂੰ ਵੈਰਾਗਮਈ ਢੰਗ ਨਾਲ ਸਾਰੇ ਹੀ ਪਾਤਰਾਂ ਵਲੋਂ ਪੇਸ਼ ਕੀਤਾ ਗਿਆ। ਨਾਲ ਹੀ ਜੋ ਚੱਲ ਰਹੇ ਹਲਾਤ ਬਹੁਤ ਹੀ ਵਧੀਆ ਢੰਗ ਨਾਲ ਦਰਸਾਇਆ ਗਿਆ।ਇਸ ਦੇ ਨਾਲ ਫਿਲਮ ਵਿੱਚ ਐਕਟਰ ਦਾ ਕਿਰਦਾਰ ਨਿਭਾ ਰਹੇ ਗੁਰਪ੍ਰੀਤ ਸਿੰਘ ਫਤਿਹ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਇਹ ਫਿਲਮ ਮਨੁੱਖੀ ਕਦਰਾਂ ਕੀਮਤਾਂ ਨੂੰ ਝੰਜੋੜਨ ਅਤੇ ਜ਼ੰਮਿਵਾਰੀ ਦਾ ਅਹਿਸਾਸ ਕਰਵਾਉਣ ਦਾ ਯਤਨ ਕਰਦੀ ਹੈ। ਇਸ ਦੇ ਨਾਲ ਟੀਮ ਵੱਲੋਂ VFX ਦੀ ਪਹਿਲੀ ਫ਼ਿਲਮ ਕੋਡ ਬਰੇਕਰ ਵੀ ਬਣਾਈ ਗਈ।ਇਸ ਮੌਕੇ ਫਿਲਮ ਵਿੱਚ ਨਿਭਾ ਰਹੇ ਕਿਰਦਾਰ ਅਮਿਤ ,ਹਰਨੂਰ ,ਨੇਹਾ, ਓਮਕੇਸ, ਤੁਸ਼ਾਰ , ਹਿਮਾਂਸ਼ੀ, ਦਿਵਾਂਸੀ, ਆਯੂਸ਼, ਸੋਨਾਲੀ , ਦਿਸ਼ਾ ਮਹਿਤਾ, ਸਾਹਿਲ ਸਰ ਵਿਸ਼ੇਸ਼ ਤੌਰ ਤੇ ਹਾਜਰ ਰਹੇ।



# ਰਾਮ ਜੀ ਦੇ ਪ੍ਰਾਨ ਪ੍ਰਤਿਸ਼ਟਾ ਦੇ ਸਬੰਧ ਵਿਚ ਸਕੂਲ ਵਿਚ ਲਗਾਇਆ ਜਾਗਰੂਕਤਾ ਕੈਂਪ—ਪੀ.ਸੀ ਕੁਮਾਰ



ਫ਼ਿਰੋਜ਼ਪੁਰ, 23 ਜਨਵਰੀ (ਮਨੋਹਰ ਲਾਲ) :— ਜ਼ਿਲ੍ਹਾ ਫ਼ਿਰੋਜ਼ਪੁਰ ਐਨ.ਜੀ.ਓ ਕੋਆਰਡੀਨੇਸ਼ਨ ਕਮੇਟੀ ਤੇ ਸਦਾਵਰਤ ਪੰਚਾਇਤੀ ਤੇ ਸਹਿਯੋਗੀ ਸੰਸਥਾ ਵੱਲੋਂ ਮੁੱਖ ਕਾਰਜਕਰਤਾ ਸ੍ਰੀ ਪੀ.ਸੀ ਕੁਮਾਰ ਸੇਵਾ ਮੁਕਤ ਮਾਸ ਮੀਡੀਆ ਅਫਸਰ ਸਿਹਤ ਵਿਭਾਗ ਸੀਨੀਅਰ ਸਿਟੀਜਨ ਸਮਾਜ ਸੁਧਾਰਕ ਨਾਲ ਆਏ ਸ੍ਰੀ ਰਜਨੀਸ਼ ਕਪੂਰ ਇਸ ਸੰਸਥਾ ਦੇ ਕਾਰਜਕਰਤਾ ਸੇਵਾ ਮੁਕਤ ਬੈਂਕ ਮੈਨੇਜਰ ਵੱਲੋਂ ਇਸ ਦਿਨ ਦੇ ਸਬੰਧ ਵਿਚ ਬੱਚਿਆਂ, ਅਧਿਆਪਕਾਂ ਅਤੇ ਮਾਪਿਆਂ ਦੇ ਇਕੱਠ ਵਿਚ ਸ੍ਰੀ ਰਾਮ ਜੀ ਦੀ ਜੀਵਨੀ, ਉਨ੍ਹਾਂ ਦੁਆਰਾ ਪਰਿਵਾਰ, ਸਮਾਜ, ਦੇਸ਼ ਦੁਨੀਆਂ ਵਿਚ ਇਕ ਚੰਗੇ ਮਾਂ—ਪਿਓ ਦੇ ਬੱਚੇ ਸਨ।ਉਨ੍ਹਾਂ ਕਿਹਾ ਕਿ ਵਿਦਿਆਰਥੀ ਚੰਗੇ ਗ੍ਰਹਿਸਤੀ ਸਮਾਜ ਸੇਵੀ, ਸ਼ਹਿਰੀ, ਦੋਸਤ, ਕਰਮਯੋਗੀ ਤੇ ਵਧੀਆ ਫਰਜ਼ ਅਦਾ ਕਰੇ, ਜ਼ੋ ਅੱਜ ਇਸ ਵੋਟਾਂ ਦੀ ਰਾਜਨੀਤੀ ਸਦਕਾ ਦੇਸ਼ ਦੀ ਏਕਤਾ ਅਖੰਡਤਾ, ਭਾਈਚਾਰਾ ਜ਼ੋ ਰਾਮ ਰਾਜਯ ਦੀ ਸਥਾਪਨਾ ਕਰਨ ਵਿਚ ਇਹ ਧਰਮ ਰਾਜਨੀਤੀ, ਜਾਤ—ਪਾਤ, ਇਲਾਕਾਈ ਪਛਾਈ ਸਦਕਾ ਹਰ ਪਾਸੇ ਅੱਜ ਸਰੀਰਕ, ਮਾਨਸਿਕ, ਸਮਾਜਿਕ, ਕੁਰੀਤੀਆਂ, ਬਿਮਾਰੀਆਂ ਅਰਾਜਕਤਾ ਰਿਸ਼ਵਤਖੋਰੀ, ਮਿਲਾਵਟਖੋਰੀ, ਨਸ਼ਾਖੋਰੀ ਤੇ ਅਰਾਜਕਤਾ ਦਾ ਬੋਲਬਾਲਾ ਨੇਕੀ ਦੀ ਮੱਦਦ ਕਰਨ, ਨੇਕੀ ਨੂੰ ਛੱਡ ਬੁਰਾਈ ਦੀ ਮੱਦਦ ਕਰਨਾ ਨੇਕੀ ਦਾ ਬੋਲਬਾਲਾ ਅਯੋਗ ਬੰਦਿਆਂ ਨੂੰ ਇਨ੍ਹਾਂ ਨੈਸ਼ਨਲ ਤਿਉਹਾਰਾਂ ਤੇ ਸਨਮਾਨਿਤ ਕਰਨਾ, ਦੇਸ਼ ਦੇ ਸ਼ਹੀਦਾਂ ਤੇ ਉਨ੍ਹਾਂ ਦੇ ਸੁਪਨਿਆਂ ਨੂੰ ਸਕਾਰ ਕਰਨ ਦੇ ਸ਼ਹੀਦਾਂ ਨੂੰ ਅਪਮਾਨਿਤ ਕਰਨਾ, ਇਸ ਰਾਜ ਲਈ ਰਾਮ ਰਾਜਯ ਦਾ ਨਾਂ ਲੈ ਕੇ ਇਹ ਦਿਨ ਮਨਾਉਣਾ ਕੋਈ ਪ੍ਰਮਾਤਮਾ ਹੋਣਹਾਰ ਹੁਕਮਰਾਨ ਬਣ ਮਰਿਯਾਦਾ ਪ੍ਰਸ਼ੋਤਮ ਰਾਮ ਉੱਚ ਕੋਟੀ ਦੇ ਦੇਵਤਾ ਜਿਨ੍ਹਾਂ ਦੀ ਜੀਵਨੀ ਬਾਰੇ ਰਮਾਇਣ ਗ੍ਰੰਥ ਵਿਚ ਹਰ ਗੁਣ ਅੰਕਿਤ ਹਨ, ਜਿਨ੍ਹਾਂ ਤੇ ਚੱਲ ਕੇ ਅਸੀਂ ਵੀ ਉਨ੍ਹਾਂ ਗੁਣਾਂ ਦੇ ਧਾਰਨੀ ਬਣ ਸਕਦੇ ਹਾਂ ਕਿ ਰਮਾਇਛ ਗ੍ਰੰਥ ਪੜਣ ਨਾਲ ਨਹੀਂ ਅਮਲ ਕਰਨ ਨਾਲ ਗੱਲ ਬਣਦੀ ਹੈ, ਜ਼ੋ ਅੱਜ ਭਾਰਤ ਵਿਚ 500 ਸਾਲਾ ਬਾਅਦ ਪ੍ਰਾਣ ਪ੍ਰਤਿਸ਼ਟਾ ਕਰਕੇ ਰਾਮ ਜੀ ਦਾ ਪ੍ਰਗਟ ਦਿਵਸ ਮਨਾਇਆ ਹੈ। ਉਸ ਦਾ ਤਾਂ ਹੀ ਲਾਭ ਹੋਏਗਾ ਜੇ ਅਸੀਂ ਵੀ ਜਨਤਾ ਸਰਕਾਰ ਇਸ ਗੱਲ ਦਾ ਪ੍ਰਣ ਲਈਏ ਕਿ ਰਾਮ ਰਾਜਯ ਗਲੀ ਬਾਤੀ ਨਹੀਂ ਬਲਕਿ ਕਹਿਣੀ, ਕਥਨੀ ਇਕ ਕਰ ਜਾਤੀ ਹਿੱਤਾਂ ਤੋਂ ਉਪਰ ਉੱਠ ਕੇ ਹਰ ਆਦਮੀ ਆਪਣਾ ਸਹਿਯੋਗ ਨਹੀਂ ਦਿੱਤਾ।

### ਐਸਸੀ ਐਕਟ 'ਚ 'ਸੋਧ' ਤੇ ਨੈਸ਼ਨਲ ਯੂਥ ਪਾਰਟੀ ਨੇ ਚੁੱਕੇ ਸਵਾਲ

# ਅਨੁਸੂਚਿਤ 'ਕਮਿਸ਼ਨ' ਨੂੰ ਸਮਰੱਥਾਵਾਨ ਬਣਾਉਂਣ ਲਈ ਸਤਨਾਮ ਸਿੰਘ ਗਿੱਲ ਨੇ ਮੁੱਖ ਮੰਤਰੀ ਨੂੰ ਲਿਖਿਆ 'ਪੱਤਰ'

**ਚੌਕ ਮਹਿਤਾ,23,ਜਨਵਰੀ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਪੰਜਾਬ 'ਚ ਅਨੁਸੂਚਿਤ ਜਾਤੀਆਂ ਨਾਲ ਸਬੰਧਿਤ ਵੱਖ-ਵੱਖ ਭਾਈਚਾਰਿਆਂ ਦੇ ਹੱਕ 'ਚ ਨੈਸ਼ਨਲ

**☛ ਕਮਿਸ਼ਨ ਦੇ ਮੈਂਬਰਾਂ ਦੀ ਗਿਣਤੀ 'ਚ ਜ਼ਿਲ੍ਹਿਆਂ ਦੇ ਅਨੁਸਾਰ ਵਾਧਾ ਕਰਨ ਦੀ ਮੰਗ ☛ ਮੈਂਬਰਾਂ ਨੂੰ ਪ੍ਰੋਟੋਕਾਲ ਦਿੱਤਾ ਜਾਵੇ ☛ ਸਟੇਟਸ ਅਨੁਸਾਰ ਸਰਕਾਰੀ ਤੇ ਵਿੱਤੀ ਸੁਵਿਧਾ ਦੇਣ ਦੀ ਵਿਵਸਥਾ ਕੀਤੀ ਜਾਵੇ ☛ ਕਮਿਸ਼ਨ ਨੂੰ ਪ੍ਰਭਾਵਸ਼ਾਲੀ ਬਣਾਉਂਣ ਲਈ ਨਿਆਂਇੱਕ ਸ਼ਕਤੀਆਂ ਪ੍ਰਦਾਨ ਕੀਤੀਆਂ ਜਾਣ**



ਯੂਥ ਪਾਰਟੀ ਪੰਜਾਬ ਇਕਾਈ ਦੇ ਪ੍ਰਧਾਨ ਸ੍ਰ ਸਤਨਾਮ ਸਿੰਘ ਗਿੱਲ ਨੇ ਆਵਾਜ਼ ਚੁੱਕੀ ਹੈ। ਅਨੁਸੂਚਿਤ ਜਾਤੀ ਦੇ ਲੋਕਾਂ ਨੂੰ ਸਮੇਂ ਸਿਰ ਨਿਆਂ ਦਵਾਉਂਣ ਅਤੇ ਜਾਤੀ ਵਿਤਕਰੇ ਨਾਲ ਸਬੰਧਿਤ ਮਾਮਲਿਆਂ ਦੇ ਮੌਕੇ 'ਤੇ ਨਿਪਟਾਰੇ ਨੂੰ ਯਕੀਨੀ ਬਣਾਉਂਣ ਲਈ ਨੈਸ਼ਨਲ ਯੂਥ ਪਾਰਟੀ ਪੰਜਾਬ ਇਕਾਈ ਦੇ ਪ੍ਰਧਾਨ ਸ੍ਰ ਸਤਨਾਮ ਸਿੰਘ ਗਿੱਲ ਮੁੱਖ ਮੰਤਰੀ ਪੰਜਾਬ ਦੇ ਨਾ ਲਿਖੇ ਪੱਤਰ ਦੇ ਹਵਾਲੇ ਨਾਲ ਪ੍ਰੈੱਸ ਨੂੰ ਦੱਸਿਆ ਕਿ ਹੈ ਕਿ ਸੰਸਥਾ ਨੇ ਲੰਮੇਂ ਸਮੇਂ ਤੋਂ ਵਾਚਿਆ ਹੈ ਕਿ ਸਰਕਾਰਾਂ ਨੇ ਐਸਸੀ ਕਮਿਸ਼ਨ ਕੇਵਲ ਸ਼ਡਿਊਲ ਕਾਸਟ ਵੋਟਾਂ ਨੂੰ ਹੱਥਿਆਂਉਂਣ ਲਈ ਕੇਵਲ ਵਖਾਵੇ ਲਈ 'ਊਠ ਦਾ ਬੁੱਲ' ਬਣਾ ਕੇ ਰੱਖਿਆ ਹੋਇਆ ਹੈ। ਇਸ ਕਮਿਸ਼ਨ ਨੂੰ ਸਰਕਾਰਾਂ ਨੇ ਸਾਰਥਕਤਾ ਵਾਲੇ ਪਾਸੇ ਜਾਣ ਹੀ ਨਹੀ ਦਿੱਤਾ ਹੈ। ਉਨਾ ਨੇ ਕਿਹਾ ਕਿ ਗਰੀਬੀ ਦੀ ਰੇਖਾ ਹੇਠ ਰਹਿ ਰਹੇ ਕਰੋੜਾਂ ਅਨੁਸੂਚਿਤ ਜਾਤੀ ਦਿਆਂ ਲੋਕਾਂ ਦੁਆਰਾ ਜਾਤੀ ਵਿਤਕਰੇ ਦਾ ਸੰਤਾਪ ਹਰ ਥਾਂ ਹਰ ਸਟੇਜ ਤੇ ਹੰਡਾਇਆ ਜਾ ਰਿਹਾ ਹੈ। ਉਨ੍ਹਾ ਨੇ ਬੜੀ ਬੇਬਾਕੀ ਨਾਲ ਦੱਸਿਆ ਕਿ ਦਰਜਾ ਚਾਰ ਤੋਂ ਲੈਕੇ ਸੀਨੀਅਰ ਪੋਸਟਾਂ ਤੇ ਤਾਇਨਾਤ ਵੱਖ ਵੱਖ ਵਿਭਾਗਾਂ 'ਚ ਨੌਕਰੀਆਂ ਕਰ ਰਹੇ ਅਨੁਸੂਚਿਤ ਜਾਤੀ ਦੇ ਵਿਅਕਤੀਆਂ ਨੂੰ ਸਰਕਾਰ ਨਾ ਹੀ ਬੈਕਲਾਗ ਦਿੰਦੀ ਹੈ ਨਾ ਹੀ ਉਨਾ ਨੂੰ ਰਾਖਵੇਂ ਕੋਟੇ ਚ' ਸੀਨੀਆਰਟੀ ਅਨੁਸਾਰ ਵਿਭਾਗੀ ਪ੍ਰਗਤੀ ਨੂੰ ਹਰੀ ਝੰਡੀ ਮਿਲਦੀ ਹੈ ਅਤੇ ਨਾ ਹੀ ਸੰਵਿਧਾਨ ਅਨੁਸਾਰ ਅਨੁਸੂਚਿਤ ਜਾਤੀ ਦੇ ਮਾਲਾਜ਼ਮ ਨੂੰ ਉਹ ਹੱਕ ਨਹੀਂ ਮਿਲ ਰਿਹਾ ਹੈ। ਉਨ੍ਹਾ ਨੇ ਕਿਹਾ ਕਿ ਨੈਸ਼ਨਲ ਯੂਥ ਪਾਰਟੀ ਪੰਜਾਬ ਨੇ ਰਾਜ ਸਰਕਾਰ ਤੋਂ ਮੰਗ ਕੀਤੀ ਹੈ ਕਿ ਕਮਿਸ਼ਨ ਦੇ ਚੇਅਰਮੈਨ ਤੇ ਮੈਂਬਰਾਂ ਦਾ ਕਾਰਜਕਾਲ ਮੁੜ ਤੋਂਭ 6 ਸਾਲ ਦਾ ਕੀਤਾ ਜਾਵੇ, ਨਾਮਜ਼ਦ ਕੀਤੇ ਜਾਣ ਵਾਲੇ ਮੈਂਬਰਾਂ ਦੀ ਗਿਣਤੀ ,ਜਿਲਿਆਂ ਦੇ ਅਨੁਸਾਰ ਕਰਦੇ ਹੋਏ ਵਾਧਾ ਕੀਤਾ ਜਾਵੇ, ਨਾਮਜ਼ਦ ਮੈਂਬਰਾਂ ਨੂੰ ਪ੍ਰੋਟੋਕਾਲ ਦੇ ਘੇਰੇ ਹੇਠ ਲਿਆਂਦਾ ਜਾਵੇ, ਮੈਂਬਰ ਨੂੰ ਵੀਆਈਪੀ ਟਰੀਟਮੈਂਟ ਦੇਣ ਦਾ ਪ੍ਰਬੰਧ ਕੀਤਾ ਜਾਵੇ, ਆਰਥਿਕ ਲਾਭ ਤੇ ਜ਼ਿਲ੍ਹਾ ਪੱਧਰ ਤੇ ਦਫਤਰ ਸਮੇਤ ਸੁੱਖ ਸਹੂਲਤਾਂ ਤੇ ਸਟਾਫ ਮੁਹੱਈਆ ਕਰਵਾਇਆ ਜਾਵੇ, ਅਨੁਸੂਚਿਤ ਜਾਤੀ ਕਮਿਸ਼ਨ ਨੂੰ ਸਮਰੱਥਾਵਾਨ ਤੇ ਪ੍ਰਭਾਵਸ਼ਾਲੀ ਬਣਾਉਂਣ ਲਈ ਨਿਆਇੱਕ ਸ਼ਕਤੀਆਂ ਪ੍ਰਦਾਨ ਕਰਨ ਲਈ ਕੈਨਬਿਟ ਦੀ ਮੋਹਰ ਲਗਾਈ ਜਾਵੇ ਅਤੇ ਐਸਸੀ ਐਕਟ 'ਚ 'ਸੋਧ' ਕਰਕੇ ਕਮਿਸ਼ਨ ਨੂੰ ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਦੇ ਬਰਾਬਰ ਦੀਆਂ ਸ਼ਕਤੀਆਂ ਨਾਲ ਨਿਵਾਜਿਆ ਜਾਵੇ। ਉਨ੍ਹਾ ਨੇ ਕਿਹਾ ਕਿ ਉਨ੍ਹਾ ਦੀ ਟੀਮ ਦਾ ਇੱਕ 7 ਮੈਂਬਰੀ ਵਫਦ ਜਲਦ ਹੀ ਮੁੱਖ ਮੰਤਰੀ ਪੰਜਾਬ ਨੂੰ ਕਮਿਸ਼ਨ ਦੇ ਸਬੰਧ 'ਚ ਮਿਲ ਰਿਹਾ ਹੈ।

### ਪਿੰਡਾਂ ਦੇ ਸਰਕਾਰੀ ਸਕੂਲਾਂ ਦੇ ਦਸਵੀਂ 'ਚ ਪੜ੍ਹ ਰਹੇ ਵਿਦਿਆਰਥੀਆਂ ਲਈ ਦਮਦਮਾ ਸਾਹਿਬ ਕੈਂਪਸ ਵਿਖੇ

# ਪੰਜਾਬੀ ਯੂਨੀਵਰਸਿਟੀ ਜੂਨੀਅਰ ਸਾਇੰਸ ਸਟਾਰ ਇਨਾਮੀ ਪ੍ਰਤੀਯੋਗਤਾ 30 ਨੂੰ



**ਤਲਵੰਡੀ ਸਾਬੋ, 23 ਜਨਵਰੀ (ਗੁਰਜੰਟ ਸਿੰਘ ਨਥੇਹਾ)**- ਪੰਜਾਬੀ ਯੂਨੀਵਰਸਿਟੀ ਕੈਂਪਸ ਤਲਵੰਡੀ ਸਾਬੋ ਦੇ ਯਾਦਵਿੰਦਰਾ ਸਾਇੰਸ ਅਤੇ ਇੰਜਨੀਅਰਿੰਗ ਵਿਭਾਗਾਂ ਵੱਲੋਂ ਸੱਤਵੀਂ ਪੰਜਾਬੀ ਯੂਨੀਵਰਸਿਟੀ ਜੂਨੀਅਰ ਸਾਇੰਸ ਸਟਾਰ ਇਨਾਮੀ ਪ੍ਰਤੀਯੋਗਤਾ 30 ਜਨਵਰੀ ਨੂੰ ਕਰਵਾਈ ਜਾ ਰਹੀ ਹੈ। ਇਸ ਇਨਾਮੀ ਪ੍ਰਤੀਯੋਗਤਾ ਦਾ ਮੰਤਵ ਵਿਦਿਆਰਥੀਆਂ ਵਿੱਚ ਵਿਗਿਆਨਕ ਚੇਤਨਾ ਅਤੇ ਰੁਚੀ ਨੂੰ ਵਧਾਉਣਾ ਹੈ ਜਿਸ ਵਿੱਚ ਪਿੰਡਾਂ ਦੇ ਸਰਕਾਰੀ ਸਕੂਲਾਂ ਦੇ ਦਸਵੀਂ 'ਚ ਪੜ੍ਹ ਰਹੇ ਵਿਦਿਆਰਥੀ ਭਾਗ ਲੈ ਸਕਦੇ ਹਨ। ਇਸ ਦੀ ਖਾਸ ਗੱਲ ਇਹ ਹੈ ਕਿ ਯੂਨੀਵਰਸਿਟੀ ਵੱਲੋਂ ਇਸ ਪ੍ਰਤੀਯੋਗਤਾ 'ਚ ਭਾਗ ਲੈਣ ਲਈ ਕੋਈ ਵੀ ਫੀਸ ਨਹੀਂ ਰੱਖੀ ਗਈ ਹੈ ਅਤੇ ਪਹਿਲੀਆਂ ਤਿੰਨ ਪੁਜੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਕ੍ਰਮਵਾਰ ਰੁਪਏ 5000, 3000 ਅਤੇ 2000 ਰਾਸ਼ੀ ਨਾਲ ਸਨਮਾਨਤ ਕੀਤਾ ਜਾਵੇਗਾ। ਇਸ ਤੋਂ ਇਲਾਵਾ ਇਸ ਪ੍ਰੀਖਿਆ 'ਚ ਭਾਗ ਲੈਣ ਵਾਲੇ ਹਰੇਕ ਵਿਦਿਆਰਥੀ ਨੂੰ ਪਾਰਟੀਸਿਪੇਸ਼ਨ ਸਰਟੀਫਿਕੇਟ ਦਿੱਤਾ ਜਾਵੇਗਾ। ਕੈਂਪਸ ਡਾਇਰੈਕਟਰ ਪ੍ਰੋ. (ਡਾ.) ਕੰਵਲਜੀਤ ਸਿੰਘ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਬਠਿੰਡਾ ਅਤੇ ਮਾਨਸਾ ਦੇ ਜਿਲ੍ਹਾ ਸਿੱਖਿਆ ਅਫਸਰ ਸ੍ਰੀ ਸ਼ਿਵ ਪਾਲ ਅਤੇ ਸ੍ਰੀ ਹਰਿੰਦਰ ਭੁੱਲਰ ਨੇ ਪੰਜਾਬੀ ਯੂਨੀਵਰਸਿਟੀ ਕੈਂਪਸ ਤਲਵੰਡੀ ਸਾਬੋ ਵੱਲੋਂ ਇਸ ਪ੍ਰਤੀਯੋਗਤਾ ਨੂੰ ਆਯੋਜਤ ਕਰਵਾਏ ਜਾਣ ਦੀ ਭਰਪੂਰ ਸ਼ਲਾਘਾ ਕੀਤੀ ਹੈ। ਯਾਦਵਿੰਦਰਾ ਸਾਇੰਸਜ ਅਤੇ ਯਾਦਵਿੰਦਰਾ ਇੰਜਨੀਅਰਿੰਗ ਵਿਭਾਗਾਂ ਦੇ ਮੁਖੀ ਕ੍ਰਮਵਾਰ ਡਾ. ਸਿੰਪਲ ਜਿੰਦਲ ਅਤੇ ਡਾ. ਅੰਜੂ ਸੈਣੀ ਨੇ ਦੱਸਿਆ ਕਿ ਇਸ ਪ੍ਰਤੀਯੋਗਤਾ ਵਿੱਚ ਭਾਗ ਲੈਣ ਦੇ ਇੱਛਕ ਵਿਦਿਆਰਥੀ ਕੈਂਪਸ ਦੀ ਵੈਬਸਾਈਟ pugkc.ac.in 'ਤੇ ਆਨਲਾਈਨ ਰਜਿਸਟਰ ਕਰ ਸਕਦੇ ਹਨ। ਇਸੇ ਵੈਬਸਾਈਟ 'ਤੇ ਵਿਦਿਆਰਥੀ ਪਿਛਲੇ ਸਾਲ ਕਰਵਾਈ ਪ੍ਰਤੀਯੋਗਤਾ ਦਾ ਸੈਂਪਲ ਪੇਪਰ ਦੇਖ ਸਕਦੇ ਹਨ।

# ਜਨਤਕ ਜਥੇਬੰਦੀਆਂ ਦੇ ਸਾਂਝੇ ਮੋਰਚੇ ਵੱਲੋਂ ਕੀਤੀਆਂ ਵਿਚਾਰਾਂ

ਫ਼ਿਰੋਜ਼ਪੁਰ, 23 ਜਨਵਰੀ (ਮਨੋਹਰ ਲਾਲ) :— ਜਨਤਕ ਜਥੇਬੰਦੀਆਂ ਦੇ ਸਾਂਝੇ ਮੋਰਚੇ ਵੱਲੋਂ ਨੋਰਦਰਨ ਰੇਲਵੇ ਮੈਨਜ ਯੂਨੀਅਨ ਦਫਤਰ ਫਿਰੋਜਪੁਰ ਵਿਖੇ ਮੀਟਿੰਗ ਕੀਤੀ, ਜਿਸ ਦੀ ਪ੍ਰਧਾਨਗੀ ਸਾਂਝੇ ਮੋਰਚੇ ਦੇ ਕਨਵੀਨਰ ਸੁਰਿੰਦਰ ਸਿੰਘ ਤੇ ਕਿਸ਼ਨ ਚੰਦ ਜਾਗੋਵਾਲੀਆ ਨੇ ਕੀਤੀ। ਮੀਟਿੰਗ ਵਿੱਚ ਵੱਖ—ਵੱਖ ਜਨਤਕ ਜਥੇਬੰਦੀਆਂ ਦੇ ਆਗੂ ਜਿਨਾਂ ਵਿੱਚ ਸੁਭਾਸ਼ ਸ਼ਰਮਾ, ਕਿਸਨ ਚੰਦ ਜਾਗੋਵਾਲੀਆ, ਮਹਿੰਦਰ ਸਿੰਘ ਧਾਲੀਵਾਲ, ਜਸਪਾਲ ਸਿੰਘ, ਰਜੀਵ ਹਾਂਡਾ, ਪ੍ਰਦੀਪ ਧਵਨ, ਮਾਨ ਸਿੰਘ ਭੱਟੀ, ਬਲਵੀਰ ਸਿੰਘ ਕੰਬੋਜ, ਤਰਸੇਮ ਲਾਲ ਬੇਦੀ, ਜੋਗਿੰਦਰ ਸਿੰਘ, ਰਮੇਸ਼ ਭੱਟੀ, ਬਲਕਾਰ ਸਿੰਘ ਮਾੜੀ ਮੇਘਾ, ਪਿਆਰਾ ਸਿੰਘ, ਚੰਦਰ ਮੋਹਨ, ਡਮਰ ਬਹਾਦਰ ਗਰਦੇਵ ਸਿੰਘ ਡੇ, ਬੂਟਾ ਸਿੰਘ, ਤਰਲੋਕ ਸਿੰਘ, ਰਮੇਸ਼ ਕੁਮਾਰ, ਦਲਜੀਤ ਸਿੰਘ ਯਾਰੇਸਾਹ ਵਾਲਾ, ਕਸ਼ਮੀਰ ਜੰਗਜੀਤ ਸਿੰਘ, ਪਦਮ ਕੁਮਾਰ, ਰਮੇਸ਼ ਸ਼ਰਮਾ, ਪ੍ਰਿਤਪਾਲ ਸਿੰਘ, ਹਰੀਕਿਸ਼ਨ, ਲਾਜਵੰਤੀ ਸ਼ਾਮਲ ਹੋਏ। ਮੀਟਿੰਗ ਵਿੱਚ ਆਗੂਆਂ ਨੇ ਵੱਧ ਰਹੀ ਮਹਿੰਗਾਈ, ਬੇਰੁਜ਼ਗਾਰੀ ਲੁੱਟਾਂ ਖੋਹਾ ਅਤੇ ਨਸ਼ੇ ਵਿਰੁੱਧ ਆਪਣੇ ਵਿਚਾਰ ਪ੍ਰਗਟ ਕੀਤੇ ਅਤੇ ਉਹਨਾਂ ਕਿਹਾ ਕਿ ਫਿਰਕਾਪ੍ਰਸ਼ਤ ਸ਼ਕਤੀਆਂ, ਨਵਉਦਾਰਵਾਦੀ ਨੀਤੀਆਂ ਦਾ ਡੱਟਵਾਂ ਵਿਰੋਧ ਕਰਨ, ਨਵੀਂ ਪੈਨਸ਼ਨ ਸਕੀਮ ਰੱਦ ਕਰਕੇ ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ, ਰੇਲਵੇ ਅਤੇ ਹੋਰ ਸਰਕਾਰੀ ਅਦਾਰਿਆਂ ਦੇ ਨਿੱਜੀਕਰਨ ਨੂੰ ਰੋਕਣ ਲਈ, ਕੇਂਦਰੀ ਅਤੇ ਸੂਬਾਈ ਸਰਕਾਰੀ ਅਦਾਰਿਆਂ ਵਿੱਚ ਖਾਲੀ ਅਸਾਮੀਆਂ ਤੇ ਪੱਕੀ ਭਰਤੀ ਕਰਨ ਆਦਿ ਮੰਗਾਂ ਨੂੰ ਉਜਾਗਰ ਕਰਨ ਲਈ 6 ਫਰਵਰੀ ਨੂੰ ਜਨਤਕ ਜਥੇਬੰਦੀਆਂ ਦੇ ਸਾਂਝੇ ਮੋਰਚੇ (ਜੇ.ਪੀ.ਐਮ.ਓ) ਵੱਲੋਂ ਇੱਕ ਵਿਸ਼ਾਲ ਕਨਵੈਂਸ਼ਨ ਕਰਨ ਦਾ ਫੈਸਲਾ ਕੀਤਾ। ਇਹ ਵੀ ਫੈਸਲਾ ਕੀਤਾ ਕਿ 16 ਫਰਵਰੀ ਦੀ ਦੇਸ਼ ਵਿਆਪੀ ਹੜਤਾਲ ਦਾ ਸਮਰਥਨ ਕਰਨ ਦਾ ਫੈਸਲਾ ਕੀਤਾ।



# ਸਕੱਤਰ ਅਸ਼ੋਕ ਬਹਿਲ ਦੇ ਪਿਤਾ ਦੀ ਅੰਤਿਮ ਅਰਦਾਸ ਤੇ ਰਸਮ ਪਗੜੀ 24 ਜਨਵਰੀ ਨੂੰ

ਫ਼ਿਰੋਜ਼ਪੁਰ, 23 ਜਨਵਰੀ (ਮਨੋਹਰ ਲਾਲ) :— ਆਪਣੀ ਜਿੰਦਗੀ ਦੌਰਾਨ ਸਮਾਜ ਨੂੰ ਸੇਧ ਦੇਣ ਅਤੇ ਬੱਚਿਆਂ ਨੂੰ ਉਚੇਰੀ ਸਿੱਖਿਆ ਦਿਵਾ ਕੇ ਸਰਕਾਰੀ ਨੌਕਰੀ ਕਰਨ ਦੇ ਨਾਲ—ਨਾਲ ਸਮਾਜ ਸੇਵੀ ਕਾਰਜ ਕਰਨ ਲਈ ਪ੍ਰੇਰਿਤ ਕਰਦੇ ਆ ਰਹੇ ਸੀ ਰਾਮ ਮੂਰਤੀ ਬਹਿਲ ਦੀ ਅੰਤਿਮ ਅਰਦਾਸ ਅਤੇ ਰਸਮ ਪਗੜੀ 24 ਜਨਵਰੀ ਨੂੰ ਇਕ ਤੋਂ ਦੋ ਵਜੇ ਪ੍ਰਮਾਰਥ ਭਵਨ ਫ਼ਿਰੋਜ਼ਪੁਰ ਵਿਖੇ ਹੋਵੇਗੀ, ਜਿਥੇ ਸਮਾਜ ਸੇਵੀ ਜਥੇਬੰਦੀਆਂ, ਸਿਆਸੀ ਨੇਤਾਵਾਂ ਸਮੇਤ ਇਲਾਕੇ ਭਰ ਦੇ ਲੋਕ ਵਿਛੜੀ ਰੂਹ ਨੂੰ ਸ਼ਰਧਾਂਜਲੀਆਂ ਅਰਪਿਤ ਕਰਨਗੇ। ਸ੍ਰੀ ਅਸ਼ੋਕ ਬਹਿਲ ਸੈਕਟਰੀ ਅਤੇ ਵਿਜੈ ਬਹਿਲ ਤਹਿਸੀਲਦਾਰ ਜਲਾਲਾਬਾਦ ਨੂੰ ਉਸ ਸਮੇਂ ਭਾਰੀ ਸਦਮਾ ਲੱਗਾ, ਜਦੋਂ ਉਨ੍ਹਾਂ ਦੇ ਸਤਿਕਾਰਯੋਗ ਪਿਤਾ ਸ੍ਰੀ ਰਾਮ ਮੂਰਤੀ ਜੋ ਕਿ 21 ਜਨਵਰੀ ਨੂੰ ਪ੍ਰਭੂ ਚਰਨਾਂ ਵਿਚ ਜਾ ਬਿਰਾਜੇ ਸਨ। ਸ੍ਰੀ ਰਾਮ ਮੂਰਤੀ ਬਹੁਤ ਹੀ ਵਧੀਆ ਇਨਸਾਨ ਸਨ ਅਤੇ ਆਪਣੇ ਸਪੁੱਤਰਾਂ ਨੂੰ ਚੰਗੀ ਤਾਮੀਲ ਦੇ ਕੇ ਇਸ ਕਾਬਿਲ ਬਣਾਇਆ ਕਿ ਸ੍ਰੀ ਅਸ਼ੋਕ ਬਹਿਲ ਜੋ ਕਿ ਬਹੁਤ ਹੀ ਹਰਮਨ ਪਿਆਰੇ ਹਨ ਅਤੇ ਵਿਜੈ ਬਹਿਲ ਜਿਨ੍ਹਾਂ ਦੋਵਾਂ ਭਰਾਵਾਂ ਨੇ ਆਪਣਾ ਨਾਮ ਕਮਾਇਆ, ਜਿਸ ਕਰਕੇ ਹਰ ਰਾਜਨੀਤਕ ਪਾਰਟੀਆਂ ਦੇ ਆਗੂ, ਧਾਰਮਿਕ ਪਾਰਟੀਆਂ ਦੇ ਆਗੂ, ਪੱਤਰਕਾਰ, ਵਕੀਲ, ਸਾਰੇ ਮੁਲਾਜ਼ਮਾਂ, ਸਮਾਜ ਸੇਵੀ ਜਥੇਬੰਦੀਆਂ ਦੇ ਆਗੂਆਂ ਨੇ ਅੰਤਿਮ ਸੰਸਕਾਰ ਵਿਚ ਪੁੱਜ ਕੇ ਪਰਿਵਾਰ ਨਾਲ ਦੁੱਖ ਦਾ ਇਜ਼ਹਾਰ ਕੀਤਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸ੍ਰੀ ਬਹਿਲ ਨੇ ਦੱਸਿਆ ਕਿ ਉਨ੍ਹਾਂ ਦੇ ਪਿਤਾ ਸ੍ਰੀ ਰਾਮ ਮੂਰਤੀ ਬਹਿਲ ਦੀ ਅੰਤਿਮ ਅਰਦਾਸ ਅਤੇ ਰਸਮ ਪਗੜੀ 24 ਜਨਵਰੀ ਨੂੰ ਪ੍ਰਮਾਰਥ ਭਵਨ ਜ਼ੀਰਾ ਗੇਟ, ਫ਼ਿਰੋਜ਼ਪੁਰ ਸ਼ਹਿਰ ਵਿਖੇ ਹੋਵੇਗੀ।



# ਦਿੱਲੀ ਦੀ ਕੇਜਰੀਵਾਲ ਸਰਕਾਰ ਵੱਲੋਂ ਭਾਈ ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਦੀ ਅਪੀਲ ਖਾਰਜ ਕਰਨ ਦੀ ਨਿਖੇਧੀ—ਦਲੇਰ ਸਿੰਘ ਡੋਡ

ਫ਼ਿਰੋਜ਼ਪੁਰ, 23 ਜਨਵਰੀ (ਮਨੋਹਰ ਲਾਲ) :— ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਦਲੇਰ ਸਿੰਘ ਡੋਡ ਨੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਸਰਕਾਰ ਵੱਲੋਂ ਪ੍ਰੋ: ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਦੀ ਅਪੀਲ ਨੂੰ 7 ਵਾਰ ਰੱਦ ਕਰਨਾ ਮਨੁੱਖਤਾ ਵਿਰੁੱਧ ਕੀਤਾ ਗਿਆ ਇੱਕ ਘਿਨਾਉਣਾ ਅਪਰਾਧ ਹੈ। ਉਹਨਾਂ ਕਿਹਾ ਕਿ ਪੰਜਾਬ ਤੇ ਕੇਂਦਰ ਸਰਕਾਰ ਵੱਲੋਂ ਸਹਿਮਤੀ ਦੇ ਬਾਵਜੂਦ ਵੀ ਦਿੱਲੀ ਸਰਕਾਰ ਨੇ ਪ੍ਰੋਫੈਸਰ ਭੁੱਲਰ ਦੀ ਰਿਹਾਈ ਰੋਕ ਕੇ ਸਿੱਖ ਸੰਗਤ ਦੇ ਜ਼ਖਮਾਂ 'ਤੇ ਲੂਣ ਛਿੜਕਿਆ ਹੈ। ਉਨ੍ਹਾਂ ਕਿਹਾ ਕਿ ਪ੍ਰੋ: ਭੁੱਲਰ ਜੀ ਦੀ ਸਿਹਤ ਖ਼ਰਾਬ ਹੋਣ ਦੇ ਬਾਵਜੂਦ ਵੀ ਉਨ੍ਹਾਂ ਨੂੰ 29 ਸਾਲਾਂ ਤੋਂ ਜੇਲ੍ਹ ਵਿੱਚ ਰੱਖਕੇ ਜਿਸ ਤਰ੍ਹਾਂ ਮਨੁੱਖੀ ਅਧਿਕਾਰਾਂ ਦਾ ਘਾਣ ਕੀਤਾ ਜਾ ਰਿਹਾ ਹੈ, ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਉਸ ਦੀ ਘੋਰ ਨਿਖੇਧੀ ਕਰਦੀ ਹੈ। ਉਨ੍ਹਾਂ ਕਿਹਾ ਕਿ ਫੈਡਰੇਸ਼ਨ ਪ੍ਰੋ: ਭੁੱਲਰ ਨੂੰ ਇਨਸਾਫ਼ ਦਵਾਉਣ ਲਈ ਪੰਥ ਨੂੰ ਇੱਕਜੁੱਟ ਹੋ ਕੇ ਸਾਂਝੀ ਰਣਨੀਤੀ ਬਣਾਉਣ ਦੀ ਅਪੀਲ ਕਰਦਾ ਹਾਂ। ਉਨ੍ਹਾਂ ਕਿਹਾ ਬੰਦੀ ਸਿੰਘ ਲੰਮੇ ਸਮੇਂ ਤੋਂ ਜੇਲ੍ਹਾਂ ਚ ਬੰਦ ਹਨ ਅਤੇ ਆਪਣੀਆਂ ਸਜਾਵਾਂ ਵੀ ਪੂਰੀਆਂ ਕਰ ਚੁੱਕੇ ਹਨ, ਪਰ ਸਮੇਂ ਦੀਆਂ ਸਰਕਾਰਾਂ ਉਹਨਾਂ ਨੂੰ ਰਿਹਾਅ ਨਹੀਂ ਕਰ ਰਹੀਆਂ। ਪ੍ਰਧਾਨ ਦਲੇਰ ਸਿੰਘ ਡੋਡ ਨੇ ਕਿਹਾ 1984 ਵਿੱਚ ਸਿੱਖਾਂ ਦਾ ਕਤਲੇਆਮ ਕਰਨ ਵਾਲੇ ਕੋਸਰੀ ਲਾਲ, ਸੱਜਣ ਕੁਮਾਰ, ਜਗਦੀਸ਼ ਟਾਈਟਲਰ ਵਰਗੇ ਅੱਜ ਤੱਕ ਕਿਸੇ ਸਰਕਾਰ ਨੇ ਸਜ਼ਾ ਵੀ ਨਹੀਂ ਦਿੱਤੀਂ ਪਰ ਦੂਸਰੇ ਪਾਸੇ ਸਿੱਖ ਨੌਜਵਾਨਾਂ ਦੀਆਂ ਰਿਹਾਈਆਂ ਰੋਕੀਆਂ ਜਾ ਰਹੀਆਂ। ਉਨ੍ਹਾਂ ਕਿਹਾ ਕਿ ਸੌਦਾ ਸਾਧ ਜਿਸ ਨੂੰ ਉਮਰ ਕੈਦ ਸਜ਼ਾ ਹੋਈ ਹੈ, ਉਹਨੂੰ ਵਾਰ—ਵਾਰ ਪ੍ਰੈਰਲ ਦਿੱਤੀ ਜਾ ਰਹੀ ਹੈ ਅਤੇ 1947 ਤੋਂ ਲੈ ਕੇ ਸਿੱਖ ਕੌਮ ਨਾਲ ਬੇਇਨਸਾਫੀ ਧੱਕੇਸ਼ਾਹੀ ਜਾਰੀ ਹੈ, ਪਰ ਜਦੋਂ ਸਿੱਖ ਕੌਮ ਆਪਣੇ ਵੱਖਰੇ ਰਾਜ ਦੀ ਗੱਲ ਕਰਦੀ ਹੈ ਤਾਂ ਫਿਰ ਅੱਤਵਾਦੀ ਵੱਖਵਾਦੀ ਕਿਹਾ ਜਾਂਦਾ ਹੈ। ਉਹਨਾਂ ਸਮੁੱਚੇ ਪੰਥਕ ਜਥੇਬੰਦੀਆਂ ਨੂੰ ਅਪੀਲ ਕੀਤੀ ਇੱਕ ਮੁੱਠ ਹੋ ਕੇ ਸਜਾਵਾਂ ਪੂਰੀਆਂ ਕਰ ਚੁੱਕੇ ਨੌਜਵਾਨਾਂ ਦੀ ਰਿਹਾਈ ਲਈ ਯਤਨ ਆਰੰਭ ਨੇ ਚਾਹੀਦੇ ਹਨ।



# ਸਰਕਾਰ ਦੀਆਂ ਮੁਲਾਜ਼ਮ ਤੇ ਪੈਨਸ਼ਨਰ ਵਿਰੋਧੀ ਨੀਤੀਆਂ ਦੀ ਕੀਤੀ ਆਲੋਚਨਾ



ਫ਼ਿਰੋਜ਼ਪੁਰ, 23 ਜਨਵਰੀ (ਮਨੋਹਰ ਲਾਲ) :— ਪੰਜਾਬ ਸਟੇਟ ਕਰਮਚਾਰੀ ਦਲ ਫਿਰੋਜ਼ਪੁਰ ਵੱਲੋਂ ਤਰਸੇਮ ਲਾਲ ਬੇਦੀ ਦੀ ਪ੍ਰਧਾਨਗੀ ਹੇਠ ਯੂਨੀਅਨ ਦਫਤਰ ਵਿਖੇ ਮੀਟਿੰਗ ਕੀਤੀ। ਇਸ ਦੌਰਾਨ ਕਰਮਚਾਰੀ ਦਲ ਦੀਆਂ ਵੱਖ—ਵੱਖ ਬਰਾਂਚਾਂ ਦੇ ਅਹੁਦੇਦਾਰ ਸ਼ਾਮਿਲ ਹੋਏ। ਮੀਟਿੰਗ ਦੌਰਾਨ ਮੁਲਾਜ਼ਮਾਂ ਤੇ ਪੈਨਸ਼ਨਾਂ ਦੀਆਂ ਮੰਗਾਂ ਪੂਰੀਆਂ ਨਾ ਕਰਨ ਤੇ ਸਰਕਾਰ ਦੀ ਨਿਖੇਧੀ ਕੀਤੀ। ਮੀਟਿੰਗ ਵਿੱਚ ਬਲਵੀਰ ਸਿੰਘ ਕੰਬੋਜ ਸੀਨੀਅਰ ਮੀਤ ਪ੍ਰਧਾਨ, ਜੋਗਿੰਦਰ ਸਿੰਘ ਖਜਾਨਚੀ, ਰਣਬੀਰ ਸਿੰਘ ਕੁਕੂ ਮੀਤ ਪ੍ਰਧਾਨ, ਸੁਖਦੇਵ ਸਿੰਘ ਮੱਲਵਾਲ, ਪਿਆਰਾ ਸਿੰਘ, ਜਸਪਾਲ ਸਿੰਘ, ਗੁਰਮੇਜ ਸਿੰਘ, ਅਜੀਤ ਸਿੰਘ, ਮਹਿੰਦਰ ਸਿੰਘ, ਚਮਕੌਰ ਸਿੰਘ, ਸਵਰਨ ਸਿੰਘ, ਕਿਸ਼ਨ ਚੰਦ ਜਾਗੋਵਾਲੀਆ ਹਾਜਰ ਹੋਏ। ਇਸ ਮੌਕੇ ਆਗੂਆਂ ਨੇ ਦੱਸਿਆ ਕਿ ਸਰਕਾਰ ਮੁਲਾਜ਼ਮਾ ਤੇ ਪੈਨਸ਼ਨਾਂ ਦੀਆਂ ਸਾਂਝੀਆਂ ਮੰਗਾਂ ਪ੍ਰਤੀ ਟਾਲ ਮਟੋਲ ਦੀ ਨੀਤੀ ਅਪਣਾ ਰਹੀ ਹੈ, ਉਹਨਾਂ ਸਰਕਾਰ ਤੋਂ ਮੰਗ ਕੀਤੀ ਕਿ ਛੇਵੇਂ ਤਨਖਾਹ ਕਮਿਸ਼ਨ ਦਾ ਬਕਾਇਆ, ਡੀ.ਏ ਦੀਆਂ ਰਹਿੰਦੀਆਂ ਕਿਸਤਾਂ ਤੇ ਡੀ.ਏ ਦਾ ਬਕਾਇਆ, ਪੈਨਸ਼ਨਰਾਂ ਦੀ ਪੈਨਸ਼ਨ 2.59 ਨਾਲ ਫਿਕਸ ਕਰਨ, ਮੈਡੀਕਲ ਭੱਤੇ ਚ ਵਾਧਾ ਕਰਨ ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ ਅਤੇ ਸਰਕਾਰੀ ਅਦਾਰਿਆਂ ਵਿੱਚ ਨਵੀਂ ਭਰਤੀ ਕਰਨ, ਸਰਕਾਰੀ ਵਿਭਾਗਾਂ ਵਿੱਚ ਠੇਕੇਦਾਰੀ ਸਿਸਟਮ ਬੰਦ ਕਰਨ, ਬੇਰੁਜ਼ਗਾਰਾਂ ਨੂੰ ਰੁਜ਼ਗਾਰ ਦੇਣ ਆਦਿ ਮੰਗਾਂ ਦਾ ਨਿਪਟਾਰਾ ਕੀਤਾ ਜਾਵੇ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਸਰਕਾਰ ਨੇ ਚੋਣਾਂ ਮੌਕੇ ਕੀਤੇ ਵਾਅਦੇ ਜਲਦੀ ਪੂਰੇ ਨਾ ਕੀਤੇ ਤਾਂ ਅਗਲੇ ਸੰਘਰਸ਼ ਦਾ ਐਲਾਨ ਕੀਤਾ ਜਾਵੇਗਾ। ਮੀਟਿੰਗ ਵਿੱਚ ਇਹ ਵੀ ਫੈਸਲਾ ਕੀਤਾ ਗਿਆ ਕਿ ਹਰ ਸਾਲ ਦੀ ਤਰ੍ਹਾਂ ਸਰਕਾਰੀ ਵਿਭਾਗਾਂ ਤੇ ਸਰਬੱਤ ਦੇ ਭਲੇ ਲਈ ਮਾਰਚ ਮਹੀਨੇ ਵਿੱਚ ਸ੍ਰੀ ਅਖੰਡ ਪਾਠ ਕਰਵਾਏ ਜਾਣਗੇ।

ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ ।।



ਪਰਮ ਸਤਿਕਾਰਯੋਗ........................................ ਜੀਓ

ਵਾਹਿਗੁਰੂ ਜੀ ਕਾ ਖਾਲਸਾ । ਵਾਹਿਗੁਰੂ ਜੀ ਕੀ ਫਤਿਹ ।।

# 10 ਫਰਵਰੀ 2024 ਦੇ

# ਨੁਮਾਇੰਦਾ ਇਕੱਠ

## ਵਿੱਚ ਜਲੰਧਰ ਪਹੁੰਚਣ ਲਈ ਸੱਦਾ ਪੱਤਰ ।

: ਏਜੰਡਾ :

**ਜਥੇਦਾਰ ਗੁਰਦੇਵ ਸਿੰਘ ਕਾਉਂਕੇ ਦਾ ਇਨਸਾਫ ਲੈਣ ਹਿੱਤ ਕਾਨੂੰਨੀ ਪੱਖ ਤੇ ਲੋਕ ਲਹਿਰ ਉਸਾਰਨ ਲਈ ।**

ਬੇਨਤੀ ਹੈ ਕਿ ਜਿਵੇਂ ਆਪ ਜੀ ਨੂੰ ਭਲੀ ਭਾਂਤ ਪਤਾ ਹੀ ਹੈ ਕਿ ਅੱਜ ਤੋਂ 31 ਸਾਲ ਪਹਿਲਾਂ ਉਸ ਸਮੇਂ ਦੀ ਕਾਂਗਰਸ ਸਰਕਾਰ ਦੇ ਹੱਥ ਠੋਕੇ ਬੇਅੰਤ ਸਿੰਘ ਮੁੱਖ ਮੰਤਰੀ ਪੰਜਾਬ ਤੇ ਉਸਦੇ ਅਹਿਲਕਾਰਾਂ ਨੇ ਉਸ ਸਮੇਂ ਦੇ ਸ੍ਰੀ ਅਕਾਲ ਤਖਤ ਸਾਹਿਬ ਜੀ ਦੇ ਕਾਰਜਕਾਰੀ ਜਥੇਦਾਰ ਸਿੰਘ ਸਾਹਿਬ ਭਾਈ ਗੁਰਦੇਵ ਸਿੰਘ ਕਾਉਂਕੇ ਨੂੰ ਉਹਨਾਂ ਦੇ ਆਪਣੇ ਪਿੰਡ ਕਾਉਂਕੇ ਤੋਂ ਪਿੰਡ ਵਾਸੀਆਂ ਦੇ ਸਾਹਮਣੇ ਦਿਨ ਦਿਹਾੜੇ ਗ੍ਰਿਫਤਾਰ ਕਰਕੇ ਸੀ ਆਈ ਏ ਸਟਾਫ ਜਗਰਾਉਂ ਵਿਖੇ ਰੱਖਕੇ ਅਸਹਿ ਤੇ ਅਕਹਿ ਤਸੀਹੇ ਦੇ ਕੇ ਅਤੇ ਕੋਹ ਕੋਹ ਕੇ ਉਹਨਾਂ ਦੇ ਸਰੀਰ ਦੇ ਟੋਟੇ ਟੋਟੇ ਕਰਕੇ, ਭਾਵੇਂ ਇੱਕ ਜਨਵਰੀ 1993 ਨੂੰ ਸਹੀਦ ਕਰ ਦਿੱਤਾ ਗਿਆ ਸੀ । ਪਰ ਉਸ ਸਮੇਂ ਪੁਲਿਸ ਵਲੋਂ ਉਹਨਾਂ ਨੂੰ ਪੁਲਿਸ ਹਿਰਾਸਤ ਵਿੱਚੋਂ ਭੱਜਣ ਦਾ ਡਰਾਮਾ ਰਚਿਆ ਗਿਆ ਸੀ । ਉਸ ਸਮੇਂ ਤੋਂ ਪੰਥ ਵਲੋਂ ਉਹਨਾਂ ਦੇ ਕਾਤਲਾਂ ਨੂੰ ਸਜਾ ਦਿਵਾਉਣ ਲਈ ਇੱਕ ਸੁਰ ਹੋ ਕੇ ਮੰਗ ਉਠਾਉਣ ਦੇ ਬਾਵਜੂਦ ਕਿਸੇ ਵੀ ਹੁਕਮਰਾਨ ਸਰਕਾਰ ਨੇ ਇਸ ਦਾ ਇਨਸਾਫ ਦੇਣ ਦੀ ਬਜਾਏ ਅੱਖੋਂ ਪਰੋਖੇ ਕਰੀ ਰੱਖਿਆ ਇਥੋਂ ਤੱਕ ਕਿ ਪੰਥ ਦੀਆਂ ਵੋਟਾਂ ਲੈ ਕੇ ਤਿੰਨ ਵਾਰ ਸ. ਪ੍ਰਕਾਸ ਸਿੰਘ ਬਾਦਲ ਦੀ ਅਗਵਾਈ ਹੇਠ ਬਣੀ ਅਕਾਲੀ ਸਰਕਾਰ ਨੇ ਆਪਣੀ ਕੌਮ ਦੇ ਜਥੇਦਾਰ ਦਾ ਇਨਸਾਫ ਤਾਂ ਕੀ ਦੇਣਾ ਸੀ ਸਗੋਂ ਕਾਤਲ ਪੁਲਿਸ ਅਫਸਰਾਂ ਨੂੰ ਉਹਨਾਂ ਦੇ ਪਸੰਦੀ ਦੇ ਉੱਚ ਆਹੁਦੇ ਦੇ ਕੇ ਨਿਵਾਜਿਆ ਗਿਆ । ਸ. ਪ੍ਰਕਾਸ ਸਿੰਘ ਬਾਦਲ ਬਾਦਲ ਨੇ ਮੁੱਖ ਮੰਤਰੀ ਤੇ ਸ. ਸੁਖਬੀਰ ਸਿੰਘ ਬਾਦਲ ਨੇ ਗ੍ਰਹਿ ਮੰਤਰੀ ਰਹਿੰਦਿਆਂ ਲਗਾਤਾਰ ਕ੍ਰਮਵਾਰ 13 ਤੇ 8 ਸਾਲ ਬੀ ਪੀ ਤਿਵਾੜੀ ਦੀ ਜਾਂਚ ਰਿਪੋਰਟ ਨੂੰ ਆਪਣੇ ਸਿਰਹਾਣੇ ਤੇ ਗੋਡੇ ਥੱਲੇ ਦਬਾਅ ਕੇ ਕਾਤਲਾਂ ਨੂੰ ਆਪਣੀ ਬੁੱਕਲ ਵਿਚ ਲੈ ਕੇ ਬਚਾਉਂਦੇ ਤੇ ਲਕਾਉਂਦੇ ਰਹੇ ।

ਪ੍ਰੰਤੂ ਹੁਣ ਉਨਾਂ ਦੇ ਕਤਲ ਦੀ 25 ਸਾਲਾਂ ਬਾਅਦ ਪੁਲਿਸ ਅਫਸਰ ਬੀ ਪੀ ਤਿਵਾੜੀ ਦੀ ਜਾਂਚ ਰਿਪੋਰਟ ਜਨਤਕ ਹੋ ਕੇ ਸ੍ਰੀ ਅਕਾਲ ਤਖਤ ਸਾਹਿਬ ਤੇ ਦਾਖਲ ਹੋਈ ਹੈ । ਇਸ ਰਿਪੋਰਟ ਨੇ ਅੱਜ ਸੰਸਾਰ ਪੱਧਰ ਤੇ ਸਿੱਖ ਕੌਮ ਨੂੰ ਮੁੜ ਅਗਵਾਈ ਦਿੰਦਿਆ ਉਸ ਦੌਰ ਦੀਆਂ ਵਧੀਕੀਆਂ ਤੇ ਜਬਰ ਜੁਲਮ ਦਾ ਇਨਸਾਫ ਲੈਣ ਅਤੇ ਖੇਰੂ-ਖੇਰੂ ਹੋਈ ਕੌਮ ਨੂੰ ਜਗਾਉਣ ਅਤੇ ਇੱਕ ਮੰਚ ਤੇ ਇਕੱਠਿਆਂ ਹੋਣ ਲਈ ਲੋਕ ਲਹਿਰ ਖੜ੍ਹੀ ਕਰਨ ਲਈ ਹਲੂਣਾ ਦਿੱਤਾ ਹੈ ।

ਸੋ ਆਓ ਪੰਥ ਅਤੇ ਪੰਜਾਬ ਦੇ ਦਰਦੀਓ, ਸਾਬਕਾ ਜੱਜ ਸਾਹਿਬਾਨ, ਵਕੀਲ ਸਾਹਿਬਾਨ ਮਨੁੱਖੀ ਅਧਿਕਾਰਾਂ ਲਈ ਅਵਾਜ ਬੁਲੰਦ ਕਰਨ ਵਾਲਿਓ, 10 ਫਰਵਰੀ 2024 ਨੂੰ ਸਵੇਰੇ 11 ਵਜੇ ਜਲੰਧਰ ਦੇ ਗੁਰੂ ਤੇਗ ਬਹਾਦੁਰ ਸਾਹਿਬ ਨਗਰ ਦੇ, ਗੁਰਦੁਆਰਾ ਗੁਰੁ ਤੇਗ ਬਹਾਦਰ ਵਿਖੇ ਪੁੱਜਣ ਦੀ ਬੇਨਤੀ ਕੀਤੀ ਜਾਂਦੀ ਹੈ ਜੀ । ਸੋ ਗੁਰੂ ਹੁਕਮਾਂ ਦੀ ਰੋਸਨੀ ਵਿੱਚ, ਭਵਿੱਖੀ ਰਣਨੀਤੀ ਤਿਆਰ ਕਰਨ ਲਈ ਜਥੇਦਾਰ ਕਾਉਂਕੇ ਦੇ ਇਨਸਾਫ ਲੈਣ ਲਈ ਮੀਟਿੰਗ ਵਿੱਚ ਪਹੁੰਚਣ ਦਾ ਸੱਦਾ ਪ੍ਰਵਾਨ ਕਰਨਾ ਜੀ ।

: ਨੋਟ :

ਜਥੇਦਾਰ ਕਾਉਂਕੇ ਸਾਹਿਬ ਦੇ ਮੁੱਦੇ ਤੇ ਇਨਸਾਫ ਲੈਣ ਲਈ ਕਨੂੰਨੀ ਰਾਏ ਤੇ ਲੋਕ ਲਹਿਰ ਖੜ੍ਹੀ ਕਰਨ ਲਈ ਆਪਣੇ ਕੀਮਤੀ ਸੁਝਾਅ ਸੰਖੇਪ ਸਬਦਾਂ ਵਿੱਚ ਲਿਖਕੇ ਲੈ ਕੇ ਆਉਣ ਦੀ ਕ੍ਰਿਪਾਲਤਾ ਕਰਨੀ ਜੀ । ਆਪ ਜੀ ਦੇ ਧੰਨਵਾਦੀ ਹੋਵਾਂਗੇ ।

ਆਵਾਜ਼ਿ ਕੌਮ AWAZE QAUM International Newspaper & WEB TV

: ਗੁਰੂ ਪੰਥ ਦੇ ਦਾਸ :

**ਤਾਲਮੇਲ ਇਨਸਾਫ਼ ਕਮੇਟੀ**

**ਅਮਰ ਸ਼ਹੀਦ ਜਥੇਦਾਰ ਸਿੰਘ ਸਾਹਿਬ ਭਾਈ ਗੁਰਦੇਵ ਸਿੰਘ ਕਾਉਂਕੇ**

**ਕਾਰਜਕਾਰੀ ਜਥੇਦਾਰ, ਸ੍ਰੀ ਅਕਾਲ ਤਖਤ ਸਾਹਿਬ**

ਸੰਪਰਕ ਨੰਬਰ : 9872482164, 9814013915, 9814015740, 9779750126, ਕਨੂੰਨੀ ਸੁਝਾਅ ਦੇਣ ਵਾਸਤੇ ਨੰਬਰ : 9878421013

ੴ ਵਾਹਿਗੁਰੂ ਜੀ ਕੀ ਫ਼ਤਹਿ

ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਦੇ ਅਤਿ ਨਜ਼ਦੀਕੀ, ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ਰੂਹੇ ਰਵਾਂ, ਰੌਸ਼ਨ ਦਿਮਾਗ ਸ਼ਖਸੀਅਤ



ਸ਼ਹੀਦ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲੇ



ਸ਼ਹੀਦ ਭਾਈ ਹਰਮਿੰਦਰ ਸਿੰਘ ਸੰਧੂ
ਦੀ ਯਾਦ ਨੂੰ ਸਮਰਪਿਤ



ਸ਼ਹੀਦ ਭਾਈ ਅਮਰੀਕ ਸਿੰਘ

ਮਹਾਨ ਪੰਥਕ ਸਮਾਗਮ

ਪਿੰਡ ਮਟੀਆ, ਤਹਿਸੀਲ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਵੇਗਾ।

ਸ਼ਨੀਵਾਰ, 3 ਫ਼ਰਵਰੀ 2024, ਸਵੇਰੇ 10.00 ਵਜੇ ਤੋਂ 3.00 ਵਜੇ ਤਕ

ਪ੍ਰਸਿੱਧ ਪੰਥਕ ਸ਼ਖਸੀਅਤਾਂ ਸੰਗਤਾਂ ਨਾਲ ਵਿਚਾਰ ਸਾਂਝੇ ਕਰਨਗੀਆਂ। ਸਮੂਹ ਸੰਗਤਾਂ ਨੂੰ ਇਸ ਪੰਥਕ ਸਮਾਗਮ ਵਿੱਚ ਸ਼ਾਮਲ ਹੋਣ ਦਾ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ।

ਸ਼ਹੀਦ ਸਿੰਘਾਂ ਦੇ ਪਰਿਵਾਰਾਂ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਜਾਵੇਗਾ।

ਬੇਨਤੀ ਕਰਤਾ

ਆਵਾਜ਼ਿ ਕੌਮ AWAZE QAUM International Newspaper & WEB TV


ਗੁਰੂ ਕਾਸ਼ੀ ਯੂਨੀਵਰਸਿਟੀ ਵੱਲੋਂ ਫੁਲਕਾਰੀ ਸੱਭਿਆਚਾਰ ਨੂੰ ਮੁੜ ਸੁਰਜੀਤ ਕਰਨ ਲਈ

# ਜਾਗਰੂਕਤਾ ਰੈਲੀ ਦਾ ਆਯੋਜਨ




**ਤਲਵੰਡੀ ਸਾਬੋ, 23 ਜਨਵਰੀ (ਗੁਰਜੰਟ ਸਿੰਘ ਨਥੇਹਾ)**-ਗੁਰੂ ਕਾਸ਼ੀ ਯੂਨੀਵਰਸਿਟੀ ਦੇ ਫੈਕਲਟੀ ਆਫ਼ ਪਰਫੋਰਮਿੰਗ ਆਰਟਸ ਵੱਲੋਂ "ਰੂਰਲ ਐਜੂਕੇਸ਼ਨ ਐਂਡ ਡਿਵੈਲਪਮੈਂਟ (ਰੀਡ)" ਦੇ ਸਹਿਯੋਗ ਨਾਲ ਚਲਾਏ ਜਾ ਰਹੇ ਫੁਲਕਾਰੀ ਪ੍ਰੋਜੈਕਟ ਤਹਿਤ ਪ੍ਰੋਜੈਕਟ ਦੀ ਪ੍ਰਿੰਸੀਪਲ ਇਨਵੈਸਟੀਗੇਟਰ ਡਾ. ਕੰਵਲਜੀਤ ਕੌਰ ਦੀ ਦੇਖ-ਰੇਖ ਹੇਠ ਫੁਲਕਾਰੀ ਜਾਗਰੂਕਤਾ ਰੈਲੀ ਪਿੰਡ ਮਾਹੀਨੰਗਲ ਅਤੇ ਜਗਾ ਰਾਮ ਤੀਰਥ ਵਿਖੇ ਕੱਢੀ ਗਈ।ਇਸ ਮੌਕੇ ਰੀਡ ਦੇ ਕੰਟਰੀ ਹੈੱਡ ਡਾ. ਗੀਤਾ ਮਲਹੋਤਰਾ ਨੇ ਦੱਸਿਆ ਕਿ ਫੁਲਕਾਰੀ ਪੰਜਾਬੀ ਅਮੀਰ ਵਿਰਸੇ ਦਾ ਅਨਿਖੜਵਾਂ ਅੰਗ ਹੈ, ਪਰ ਹੁਣ ਫੁਲਕਾਰੀ ਕੱਢਣ ਦੀ ਕਲਾ ਆਲੋਪ ਹੁੰਦੀ ਜਾ ਰਹੀ ਹੈ, ਜਿਸ ਨੂੰ ਮੁੜ ਸੁਰਜੀਤ ਕਰਨ ਅਤੇ ਨਵੀਂ ਪੀੜ੍ਹੀ ਨੂੰ ਇਸ ਕਲਾ ਤੋਂ ਜਾਣੂ ਕਰਵਾਉਣ ਲਈ ਇਹ ਜਾਗਰੂਕਤਾ ਰੈਲੀ ਆਯੋਜਿਤ ਕੀਤੀ ਗਈ ਹੈ। ਇਸ ਤੋਂ ਇਲਾਵਾ ਪਿੰਡਾਂ ਦੀਆਂ ਸੁਆਣੀਆਂ ਤੇ ਕੁੜੀਆਂ ਨੂੰ ਆਪਣੀ ਇਸ ਕਲਾ ਨਾਲ ਜੁੜ ਕੇ ਰੁਜ਼ਗਾਰ ਵਜੋਂ ਅਪਣਾਉਣ ਲਈ ਪ੍ਰੋਤਸਾਹਿਤ ਕਰਨਾ ਹੈ ਤਾਂ ਕਿ ਕੁੜੀਆਂ ਇਸ ਦੇ ਮਾਧਿਅਮ ਰਾਹੀਂ ਆਪਣੇ ਪੈਰਾਂ 'ਤੇ ਖੜ੍ਹੀਆਂ ਹੋ ਸਕਣ। ਇਸ ਮੌਕੇ ਰੀਡ ਦੇ ਪ੍ਰਤੀਨਿਧੀ ਸਮਿਤਾ ਰਾਏ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਫੁਲਕਾਰੀ ਪ੍ਰੋਜੈਕਟ ਦੀ ਸਫਲਤਾ ਲਈ ਹਰ ਤਰ੍ਹਾਂ ਦਾ ਸਹਿਯੋਗ ਦਿੱਤਾ ਜਾਵੇਗਾ।ਇਸ ਮੌਕੇ ਡਾ. ਕੰਵਲਜੀਤ ਕੌਰ ਨੇ ਦੱਸਿਆ ਕਿ ਜਾਗਰੂਕਤਾ ਰੈਲੀ ਦੀ ਪਿੰਡਾਂ ਦੀਆਂ ਪੰਚਾਇਤਾਂ, ਇਲਾਕਾ ਨਿਵਾਸੀਆਂ ਤੇ ਵਿਦਿਆਰਥੀਆਂ ਨੇ ਖੂਬ ਸ਼ਲਾਘਾ ਕੀਤੀ ਤੇ ਪਿੰਡਾਂ ਦੀਆਂ ਮੁਟਿਆਰਾਂ ਨੇ ਇਸ ਕਲਾ ਨੂੰ ਸਿੱਖਣ 'ਚ ਖੂਬ ਦਿਲਚਸਪੀ ਵਿਖਾਈ। ਉਨ੍ਹਾਂ ਪਿੰਡ ਵਾਸੀਆਂ ਦੇ ਹੁਨਰ ਨੂੰ ਨਿਖਾਰਨ ਲਈ ਸਹਿਯੋਗ ਦਾ ਵਾਅਦਾ ਵੀ ਦੁਹਰਾਇਆ।

ਆਵਾਜ਼ਿ ਕੌਮ AWAZE QAUM International Newspaper & WEB TV

# ਅਕਾਲੀ ਦਲ ਦੀ 'ਪੰਜਾਬ ਬਚਾਓ ਯਾਤਰਾ' ਦਾ ਥਾਂ ਥਾਂ ਭਰਮਾਂ ਸਵਾਗਤ ਕੀਤਾ ਜਾਵੇਗਾ ਜਾਹਿਦਾ ਸੁਲੇਮਾਨ



ਮਾਲੇਰਕੋਟਲਾ ( ਰਣਜੀਤ ਸਿੰਘ ਪੇਧਨੀ ) ਪੰਜਾਬ ਚ ਅੰਮ੍ਰਿਤਸਰ ਦੇ ਅਟਾਰੀ ਬਾਰਡਰ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ, ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਕੱਢੀ ਜਾ ਰਹੀ " ਪੰਜਾਬ ਬਚਾਓ ਯਾਤਰਾ " ਪੰਜਾਬ ਵਿੱਚ ਨਵਾਂ ਸੰਕਲਪ ਲੈ ਕੇ ਆਵੇਗੀ। ਜਿਸ ਦਾ ਹਲਕਾ ਮਾਲੇਰਕੋਟਲਾ ਵਿਚ ਵੱਖ-ਵੱਖ ਥਾਵਾਂ 'ਤੇ ਜੋਸ਼ੋ ਖਰੋਸ਼ ਨਾਲ ਸਵਾਗਤ ਕੀਤਾ ਜਾਵੇਗਾ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਸੀਨੀਅਰ ਆਗੂ ਹਲਕਾ ਇੰਚਾਰਜ ਜਾਹਿਦਾ ਸੁਲੇਮਾਨ ਨੇ ਕੀਤਾ। ਉਨ੍ਹਾਂ ਕਿਹਾ ਕਿ ਆਉਣ ਵਾਲੀਆਂ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਪੰਜਾਬ ਦੀਆਂ ਸਾਰੀਆਂ ਸੀਟਾਂ ਤੇ ਜਿੱਤ ਪ੍ਰਾਪਤ ਕਰੇਗਾ ਕਿਉਂਕਿ ਅਕਾਲੀ ਦਲ ਦੀਆਂ ਹੋ ਰਹੀਆਂ ਮੀਟਿੰਗਾਂ ਤੋਂ ਅੰਦਾਜਾਂ ਲਗਾਇਆ ਜਾ ਸਕਦਾ ਹੈ ਜੋ ਕਿ ਰੈਲੀਆਂ ਦਾ ਰੂਪ ਧਾਰਨ ਕਰ ਰਹੀਆ ਹਨ।

ਆਵਾਜ਼ਿ ਕੌਮ AWAZE QAUM International Newspaper & WEB TV

# ਚਿਪ ਵਾਲੇ ਬਿਜਲੀ ਮੀਟਰ ਲਗਾਉਣ ਦਾ ਭਾਕਿਯੂ ਨੇ ਕੀਤਾ ਵਿਰੋਧ

**ਧੂਰੀ ( ਰਣਜੀਤ ਸਿੰਘ ਪੇਧਨੀ)** -ਅੱਜ ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ) ਬਲਾਕ ਧੂਰੀ ਅਤੇ ਸ਼ੇਰਪੁਰ ਦੀ ਮੀਟਿੰਗ ਬਲਾਕ ਪ੍ਰਧਾਨ ਭੁਪਿੰਦਰ ਸਿੰਘ ਭੁੱਲਰਹੇੜੀ ਅਤੇ ਸ਼ੇਰਪੁਰ ਦੇ ਮੀਤ ਪ੍ਰਧਾਨ ਸੁਰਜੀਤ ਸਿੰਘ ਘਨੌਰੀ ਖੁਰਦ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਅਨੁਸਾਰ 26 ਜਨਵਰੀ ਨੂੰ ਜਿਲ੍ਹਾ ਪੱਧਰੀ ਟਰੈਕਟਰ ਪਰੇਡ ਵਿੱਚ ਸ਼ਾਮਲ ਹੋਣ ਲਈ ਮੀਟਿੰਗ ਵਿੱਚ ਵਿਚਾਰਾਂ ਕੀਤੀਆਂ ਗਈਆਂ। ਮੀਟਿੰਗ ਵਿੱਚ ਕਿਰਪਾਲ ਸਿੰਘ ਬਟੂਹਾ ਅਤੇ ਬਲਵਿੰਦਰ ਸਿੰਘ ਜੱਖਲਾਂ ਨੇ ਚਿੱਪ ਵਾਲੇ ਮਹਿਕਮਾ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਵੱਲੋਂ ਮੀਟਰ ਲਗਾਉਣ ਦਾ ਵਿਰੋਧ ਕੀਤਾ ਅਤੇ ਦੋਸ਼ ਲਗਾਇਆ ਕਿ ਜਿੰਨਾਂ ਮੀਟਰਾਂ ਦੀ ਖੱਪਤ ਘੱਟ ਹੈ ਉਨ੍ਹਾਂ ਮੀਟਰਾਂ ਨੂੰ ਸਾਜਿਸ਼ ਤਹਿਤ ਡੀ ਕੋਡ ਕਰਕੇ ਨਵੇਂ ਮੀਟਰ ਲਾਏ ਜਾ ਰਹੇ ਹਨ। ਇਸੇ ਦੌਰਾਨ ਜੱਥੇਬੰਦੀ ਦਾ ਵਫ਼ਦ ਐਕਸੀਅਨ ਧੂਰੀ ਨੂੰ ਵੀ ਮਿਅਲਾ।ਇਸ ਮੌਕੇ ਗੁਰਜੀਤ ਸਿੰਘ ਭੜੀ ਮਾਨਸਾ ਜਨਰਲ ਸਕੱਤਰ, ਗੁਰਬਚਨ ਸਿੰਘ ਸੀ. ਮੀਤ ਪ੍ਰਧਾਨ, ਸੁਖਪਾਲ ਸਿੰਘ ਕਾਂਝਲਾ, ਕਰਮਜੀਤ ਸਿੰਘ ਕਾਂਝਲਾ, ਜਸਵੀਰ ਸਿੰਘ, ਜੀਤ ਸਿੰਘ, ਹਰਦੀਪ ਸਿੰਘ, , ਭਗਤ ਸਿੰਘ, ਸੁਰਜੀਤ ਸਿੰਘ ਅਤੇ ਜਿੰਦਰ ਸਿੰਘ ਵੀ ਹਾਜਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV